# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 19.06.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | June 2024 | Published in Punjab | Pages 8


## PM ਮੋਦੀ ਨੇ ਨਾਲੰਦਾ ਯੂਨੀਵਰਸਿਟੀ ਦੇ ਨਵੇਂ ਕੰਪਲੈਕਸ ਦਾ ਕੀਤਾ ਉਦਘਾਟਨ,



ਪ੍ਰਧਾਨ ਮੰਤਰੀ ਅਹੁਦੇ ਦੀ ਤੀਜੀ ਵਾਰ 9 ਜੂਨ ਸਹੁੰ ਚੁੱਕਣ ਮਗਰੋਂ ਬੁੱਧਵਾਰ ਯਾਨੀ ਕਿ ਅੱਜ ਪਹਿਲੀ ਵਾਰ ਬਿਹਾਰ ਦੇ ਦੌਰੇ ਗਏ ਹਨ। ਪ੍ਰਧਾਨ ਮੰਤਰੀ ਨੇ ਬਿਹਾਰ ਦੇ ਰਾਜਗੀਰ 'ਚ ਨਾਲੰਦਾ ਯੂਨੀਵਰਸਿਟੀ ਦੇ ਨਵੇਂ ਕੰਪਲੈਕਸ ਦਾ ਉਦਘਾਟਨ ਕੀਤਾ। ਉਦਘਾਟਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਪ੍ਰਾਚੀਨ ਨਾਲੰਦਾ ਦੇ ਖੰਡਹਰਾਂ ਦਾ ਦੌਰਾ ਕੀਤਾ। ਇਸ ਪ੍ਰੋਗਰਾਮ ਵਿਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੇ ਨਾਲ ਹੀ 17 ਦੇਸ਼ਾਂ ਦੇ ਰਾਜਦੂਤ ਵੀ ਸ਼ਾਮਲ ਹੋਏ ਹਨ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਆਪਣੀ ਪੋਸਟ ਵਿਚ ਲਿਖਿਆ ਕਿ ਇਹ ਸਾਡੇ ਸਿੱਖਿਆ ਖੇਤਰ ਲਈ ਬਹੁਤ ਖ਼ਾਸ ਦਿਨ ਹੈ। ਉਨ੍ਹਾਂ ਕਿਹਾ ਕਿ ਨਾਲੰਦਾ ਦਾ ਸਾਡੇ ਗੌਰਵਸ਼ਾਲੀ ਅਤੀਤ ਨਾਲ ਡੂੰਘਾ ਨਾਅਤਾ ਹੈ। ਇਹ ਯੂਨੀਵਰਸਿਟੀ ਯਕੀਨੀ ਰੂਪ ਨਾਲ ਨੌਜਵਾਨਾਂ ਦੀ ਸਿੱਖਿਅਕ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਬਹੁਤ ਮਦਦਗਾਰ ਸਾਬਤ ਹੋਵੇਗਾ। ਦੱਸ ਦੇਈਏ ਕਿ ਨਾਲੰਦਾ ਯੂਨੀਵਰਸਿਟੀ ਦਾ ਇਤਿਹਾਸ ਕਾਫੀ ਪੁਰਾਣਾ ਹੈ। ਨਾਲੰਦਾ ਯੂਨੀਵਰਸਿਟੀ ਦੀ ਨੀਂਹ ਗੁਪਤਾ ਵੰਸ਼ ਦੇ ਕੁਮਾਰ ਗੁਪਤਾ ਪਹਿਲੇ ਵਲੋਂ ਰੱਖੀ ਗਈ ਸੀ। ਯੂਨੀਵਰਸਿਟੀ ਦੀ ਸਥਾਪਨਾ 5ਵੀਂ ਸ਼ਤਾਬਦੀ ਵਿਚ ਹੋਈ ਸੀ, ਜਿੱਥੇ ਦੁਨੀਆ ਭਰ ਤੋਂ ਵਿਦਿਆਰਥੀ ਪੜ੍ਹਾਈ ਕਰਨ ਲਈ ਆਉਂਦੇ ਸਨ। ਮਾਹਰਾਂ ਮੁਤਾਬਕ 12ਵੀਂ ਸ਼ਤਾਬਦੀ ਵਿਚ ਹਮਲਾਵਰਾਂ ਨੇ ਇਸ ਯੂਨੀਵਰਸਿਟੀ ਨੂੰ ਨਸ਼ਟ ਕਰ ਦਿੱਤਾ ਸੀ। 5ਵੀਂ ਸਦੀ ਵਿਚ ਬਣੀ ਇਸ ਪ੍ਰਾਚੀਨ ਯੂਨੀਵਰਸਿਟੀ ਵਿਚ ਕਰੀਬ 10 ਹਜ਼ਾਰ ਵਿਦਿਆਰਥੀ ਪੜ੍ਹਦੇ ਸਨ, ਜਿਨ੍ਹਾਂ ਲਈ 1500 ਅਧਿਆਪਕ ਪੜ੍ਹਾਉਂਦੇ ਸਨ। ਵਿਦਿਆਰਥੀਆਂ ਵਿਚ ਜ਼ਿਆਦਾਤਰ ਏਸ਼ੀਆਈ ਦੇਸ਼ਾਂ-ਚੀਨ, ਕੋਰੀਆ ਅਤੇ ਜਾਪਾਨ ਤੋਂ ਆਉਣ ਵਾਲੇ ਬੌਧ ਭਿਕਸ਼ੂ ਹੁੰਦੇ ਸਨ। ਯੂਨੀਵਰਸਿਟੀ ਦਾ ਨਵਾਂ ਕੈਂਪਸ ਨਾਲੰਦਾ ਦੇ ਪ੍ਰਾਚੀਨ ਖੰਡਰਾਂ ਵਾਲੀ ਥਾਂ ਦੇ ਨੇੜੇ ਬਣਾਇਆ ਗਿਆ ਹੈ। ਇਸ ਨਵੇਂ ਕੰਪਲੈਕਸ ਦੀ ਸਥਾਪਨਾ ਨਾਲੰਦਾ ਯੂਨੀਵਰਸਿਟੀ ਐਕਟ,2010 ਜ਼ਰੀਏ ਕੀਤੀ ਗਈ ਹੈ। ਇਸ ਐਕਟ ਵਿਚ ਸਥਾਪਨਾ ਲਈ 2007 ਵਿਚ ਫਿਲੀਪੀਨਜ਼ ਵਿਚ ਆਯੋਜਿਤ ਦੂਜੇ ਪੂਰਬੀ ਏਸ਼ੀਆ ਸ਼ਿਖਰ ਸੰਮੇਲਨ ਲਈ ਲਏ ਗਏ ਫ਼ੈਸਲੇ ਨੂੰ ਲਾਗੂ ਕਰਨ ਦੀ ਵਿਵਸਥਾ ਕੀਤੀ ਗਈ ਸੀ।

## ਪੁੰਛ ਚ ਗੋਲੀਬਾਰੀ ਤੋਂ ਬਾਅਦ ਸਰਚ ਆਪਰੇਸ਼ਨ ਸ਼ੁਰੂ

ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਮੰਗਲਵਾਰ ਨੂੰ ਕਈ ਦੌਰ ਦੀ ਗੋਲੀਬਾਰੀ ਦੀਆਂ ਰਿਪੋਰਟਾਂ ਤੋਂ ਬਾਅਦ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਚਲਾਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਲਾਕੇ 'ਚ ਫੌਜੀਆਂ ਅਤੇ ਅੱਤਵਾਦੀਆਂ ਵਿਚਾਲੇ ਕਿਸੇ ਤਰ੍ਹਾਂ ਦੀ ਗੋਲੀਬਾਰੀ ਤੋਂ ਇਨਕਾਰ ਕੀਤਾ। ਉਨ੍ਹਾਂ ਦੱਸਿਆ ਕਿ ਬੁਫਲਿਆਜ਼ ਜੰਗਲੀ ਖੇਤਰ 'ਚ ਕਈ ਰਾਊਂਡ ਗੋਲੀਬਾਰੀ ਤੋਂ ਬਾਅਦ ਸੁਰੱਖਿਆ ਬਲਾਂ ਅਤੇ ਪੁਲਸ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਇਲਾਕੇ 'ਚੋਂ ਆਖਰੀ ਖ਼ਬਰਾਂ ਮਿਲਣ ਤੱਕ ਤਲਾਸ਼ੀ ਮੁਹਿੰਮ ਜਾਰੀ ਸੀ।





## ਪਰਮਜੀਤ ਸਰਨਾ ਨੇ ਹਿਮਾਚਲ ਦੇ CM ਸੁੱਖੂ ਨੂੰ ਪੰਜਾਬੀਆਂ 'ਤੇ ਹੋ ਰਹੇ ਹਮਲੇ ਰੋਕਣ ਦੀ ਕੀਤੀ ਅਪੀਲ

ਬੀਤੇ ਕਈ ਦਿਨਾਂ ਤੋਂ ਹਿਮਾਚਲ 'ਚ ਸਿੱਖਾਂ ਤੇ ਟੂਰਿਸਟਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਇਸ ਮਾਮਲੇ ਬਾਰੇ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਕਿਹਾ ਕਿ ਉਹ ਬਹੁਤ ਚੰਗੇ ਇਨਸਾਨ ਹਨ ਤੇ ਉਨ੍ਹਾਂ ਦੀ ਸਰਕਾਰ 'ਚ ਅਜਿਹੀਆਂ ਘਟਨਾਵਾਂ ਹੋਣੀਆਂ ਹੀ ਨਹੀਂ ਚਾਹੀਦੀਆਂ। ਕੰਗਨਾ ਮਾਮਲੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਨੇ ਡਿਊਟੀ 'ਤੇ ਤਾਇਨਾਤ ਸੀ.ਆਈ.ਐੱਸ.ਐੱਫ. ਮੁਲਾਜ਼ਮ ਨਾਲ ਬਦਤਮੀਜ਼ੀ ਕੀਤੀ ਤੇ ਉਸ ਦਾ ਨਾਂ ਪੜ੍ਹ ਕੇ ਉਸ ਨੂੰ ਖਾਲਿਸਤਾਨੀ ਕਿਹਾ ਸੀ। ਉਨ੍ਹਾਂ ਕਿਹਾ ਕਿ ਪੰਜਾਬੀ ਭਾਜੀ ਮੋੜਨਾ ਚੰਗੀ ਤਰ੍ਹਾਂ ਜਾਣਦੇ ਹਨ, ਇਸ ਕਾਰਨ ਉਸ ਮੁਲਾਜ਼ਮ ਕੁਲਵਿੰਦਰ ਕੌਰ ਨੇ ਕੰਗਨਾ ਦੇ ਥੱਪੜ ਮਾਰ ਦਿੱਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਹ ਸਭ ਕੰਮ ਭਾਜਪਾ ਦੀ ਸ਼ਹਿ 'ਤੇ ਹੋ ਰਹੇ ਹਨ। ਭਾਜਪਾ ਆਗੂ ਵਿਜੈ ਸਾਂਪਲਾ ਨੇ ਕਿਹਾ ਸੀ ਕਿ ਡਿਊਟੀ 'ਤੇ ਤਾਇਨਾਤ ਮੁਲਾਜ਼ਮ ਨੂੰ ਆਪਣੀ ਵਰਦੀ ਦਾ ਖ਼ਿਆਲ ਰੱਖਣਾ ਚਾਹੀਦਾ ਸੀ ਤੇ ਅਜਿਹਾ ਕਦਮ ਨਹੀਂ ਸੀ ਚੁੱਕਣਾ ਚਾਹੀਦਾ। ਸਰਨਾ ਨੇ ਕਿਹਾ ਕਿ ਉਸ ਦੀ ਵਰਦੀ ਦਾ ਖ਼ਿਆਲ ਕੰਗਨਾ ਨੂੰ ਰੱਖਣਾ ਚਾਹੀਦਾ ਸੀ। ਉਸ ਨੂੰ ਕੁਲਵਿੰਦਰ ਦੀ ਗੱਲ ਮੰਨਣੀ ਚਾਹੀਦੀ ਸੀ, ਖਾਲਿਸਤਾਨੀ ਕਹਿਣਾ ਸਹੀ ਨਹੀਂ ਸੀ। ਇਸ ਤੋਂ ਬਾਅਦ ਕੁਲਵਿੰਦਰ ਨੇ ਜੋ ਕੀਤਾ, ਉਸ ਨੂੰ ਸਰਨਾ ਨੇ ਬਿਲਕੁਲ ਸਹੀ ਦੱਸਿਆ।

ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਦੋਵਾਂ ਸੂਬਿਆਂ 'ਚ ਮਾਹੌਲ ਤਣਾਅਪੂਰਨ ਨਾ ਬਣੇ, ਇਸ ਲਈ ਅਜਿਹੀਆਂ ਘਟਨਾਵਾਂ ਫੌਰਨ ਬੰਦ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਸੁੱਖੂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਘਟਨਾਵਾਂ ਦੇ ਜ਼ਿੰਮੇਦਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਆਉਣ ਵਾਲਾ ਸਮਾਂ ਸ਼ਾਂਤੀਪੂਰਵਕ ਰਹੇ।

## ਭਾਜਪਾ ਦੀ ਇਕੱਲੇ ਚਲੋ ਦੀ ਨੀਤੀ ਦੇ ਵਿਰੁੱਧ ਹੈ ਸੰਘ, ਕੀ ਲੰਬੇ ਸਮੇਂ ਤੱਕ ਚੱਲੇਗਾ ਇਹ ਟਕਰਾਅ!




ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (RSS) ਵਿਚਾਲੇ ਚੱਲ ਰਹੇ ਟਕਰਾਅ ਤੋਂ ਇਕ ਗੱਲ ਤਾਂ ਸਾਫ਼ ਹੈ ਕਿ ਇਹ ਟਕਰਾਅ ਲੰਬੇ ਸਮੇਂ ਤੱਕ ਚੱਲ ਸਕਦਾ ਹੈ। ਹੁਣ ਤੱਕ ਜੋ ਸੰਘ ਮੁਖੀ ਅਤੇ ਹੋਰ ਅਹੁਦੇਦਾਰਾਂ ਦੇ ਬਿਆਨ ਸਾਹਮਣੇ ਆਏ ਹਨ, ਉਨ੍ਹਾਂ ਤੋਂ ਇਹੀ ਪਤਾ ਲੱਗਦਾ ਹੈ ਕਿ ਭਾਜਪਾ ਹੰਕਾਰ ਕਾਰਨ ਲੋਕ ਸਭਾ ’ਚ ਬਹੁਮਤ ਹਾਸਲ ਨਹੀਂ ਕਰ ਸਕੀ ਹੈ। ਸੰਘ ਲਗਾਤਾਰ ਭਾਜਪਾ ਨੂੰ ਉਸ ਦੀਆਂ ਕਮਜ਼ੋਰੀਆਂ ਦਾ ਅਹਿਸਾਸ ਕਰਵਾ ਰਿਹਾ ਹੈ। ਹੁਣ ਸਵਾਲ ਇਹ ਹੈ ਕਿ ਕੀ ਭਾਜਪਾ ਸੰਘ ਨੂੰ ਨਜ਼ਰਅੰਦਾਜ਼ ਕਰ ਕੇ ਆਪਣੇ ਰਸਤੇ ’ਤੇ ਚੱਲੇਗੀ ਅਤੇ PM ਨਰਿੰਦਰ ਮੋਦੀ ਮਹਾਰਾਸ਼ਟਰ, ਝਾਰਖੰਡ ਅਤੇ ਹਰਿਆਣਾ ਅਤੇ ਅਗਲੇ ਸਾਲ ਦਿੱਲੀ ਅਤੇ ਬਿਹਾਰ ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ’ਚ ਸੰਘ ਤੋਂ ਬਿਨਾਂ ਇਹ ਸਾਬਤ ਕਰਣਗੇ ਕਿ ਮੋਦੀ ਮੈਜਿਕ ਅਜੇ ਖ਼ਤਮ ਨਹੀਂ ਹੋਇਆ ਹੈ? ਹਾਲਾਂਕਿ ਮਾਹਿਰਾਂ ਦਾ ਕਹਿਣਾ ਹੈ ਕਿ ਸੰਘ ਇੰਨਾ ਚਾਹੁੰਦਾ ਹੈ ਕਿ ਭਾਜਪਾ ਇਕੱਲੇ ਚੱਲੋ ਦੀ ਨੀਤੀ ਛੱਡ ਕੇ ਦੇਸ਼ ਦੇ ਵੱਡੇ ਮੁੱਦਿਆਂ ’ਤੇ ਵਿਰੋਧੀ ਧਿਰ ਨੂੰ ਵੀ ਨਾਲ ਲੈ ਕੇ ਚੱਲੇ।ਨੱਡਾ ਦੇ ਬਿਆਨ ’ਤੇ RSS ਸਾਫ ਕਰ ਚੁੱਕਾ ਹੈ ਸਟੈਂਡ

ਆਪਣੇ ਇਕ ਲੇਖ ਵਿਚ ਸੀਨੀਅਰ ਪੱਤਰਕਾਰ ਨੀਰਜਾ ਚੌਧਰੀ ਕਹਿੰਦੀ ਹੈ ਕਿ ਭਾਜਪਾ ਪ੍ਰਧਾਨ ਜੇ. ਪੀ. ਨੱਡਾ ਨੇ ਚੋਣਾਂ ਦੌਰਾਨ ਹੀ ਸੰਘ ਨੂੰ ਪ੍ਰੇਸ਼ਾਨ ਕਰਨ ਵਾਲੀ ਕੋਈ ਗੱਲ ਕਹੀ ਸੀ। ਨੱਡਾ ਨੇ ਕਿਹਾ ਸੀ ਕਿ ਭਾਜਪਾ ਆਪਣੇ ਪੈਰਾਂ ’ਤੇ ਖੜ੍ਹੀ ਹੈ ਅਤੇ ਉਸ ਨੂੰ ਸੰਘ ਦੀ ਲੋੜ ਨਹੀਂ ਹੈ। ਸੰਘ ਵੀ ਇਸ ਦਾ ਜਵਾਬ ਦੇਣ ਤੋਂ ਬਾਜ਼ ਨਹੀਂ ਆਇਆ। ਉਨ੍ਹਾਂ ਨੇ ਕਿਹਾ ਕਿ ਭਾਜਪਾ ਕਦੇ ਵੀ ਆਰ. ਐੱਸ. ਐੱਸ. ਨੂੰ ਆਪਣੀ ਫੀਲਡ ਫੋਰਸ ਸਮਝਣ ਦੀ ਗਲਤੀ ਨਾ ਕਰੇ। ਤਾਂ ਇਸ ’ਚ ਕੋਈ ਸ਼ੱਕ ਨਹੀਂ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਆਰ. ਐੱਸ. ਐੱਸ. ਅਤੇ ਭਾਜਪਾ ਦੇ ਰਿਸ਼ਤੇ ’ਚ ਥੋੜ੍ਹੀ ਖਟਾਸ ਪੈਦਾ ਕਰ ਦਿੱਤੀ ਹੈ।

ਭਾਗਵਤ ਦਾ ਵਿਰੋਧੀ ਧਿਰ ਨੂੰ ਮੁਕਾਬਲੇਬਾਜ਼ ਕਹਿਣ ਦਾ ਮਤਲਬ

ਨੀਰਜਾ ਚੌਧਰੀ ਕਹਿੰਦੀ ਹੈ ਕਿ ਆਰ. ਐੱਸ. ਐੱਸ. ਭਾਵੇਂ ਹੀ ਭਾਜਪਾ ਲੀਡਰਸ਼ਿਪ ਦੇ ਰਵੱਈਏ ਤੋਂ ਨਾਰਾਜ਼ ਹੋਵੇ ਪਰ ਉਸ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਲੀਡਰਸ਼ਿਪ ਨੇ ਆਪਣੇ ਸਦੀਆਂ ਪੁਰਾਣੇ ਏਜੰਡੇ ਨੂੰ ਪੂਰਾ ਕੀਤਾ ਹੈ। ਉਹ ਇਹ ਵੀ ਜਾਣਦਾ ਹੈ ਕਿ ਇਹ ਇੰਦਰਾ ਦੇ ਜ਼ਮਾਨੇ ਦੀ ਕਾਂਗਰਸ ਨਹੀਂ ਹੈ, ਜਿਸ ਲਈ ਚਾਲਾਂ ਖੇਡ ਕੇ ਭਾਜਪਾ ਨੂੰ ਫੌਰੀ ਤੌਰ ’ਤੇ ਸਬਕ ਸਿਖਾਇਆ ਜਾ ਸਕੇ। ਇਹ ਵੱਖਰੀ ਗੱਲ ਹੈ ਕਿ ਆਰ. ਐੱਸ. ਐੱਸ. ਮੁਖੀ ਭਾਗਵਤ ਨੇ ਵਿਰੋਧੀ ਧਿਰ ਨੂੰ ਮੁਕਾਬਲੇਬਾਜ਼ ਦੱਸ ਕੇ ਕਾਂਗਰਸ ਲਈ ਇਕ ਸੰਦੇਸ਼ ਦਿੱਤਾ ਹੈ ਪਰ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਰਾਹੁਲ ਗਾਂਧੀ ਦੀ ਕਾਂਗਰਸ ਨੇ ਕਿਹੜੀ ਦਿਸ਼ਾ ਲਈ ਹੋਈ ਹੈ।ਇਸ ਸਭ ਦੇ ਬਾਵਜੂਦ ਆਰ. ਐੱਸ. ਐੱਸ. ਨੂੰ ਭਾਜਪਾ ਨਾਲ ਜੋ ਇਕ ਵੱਡੀ ਸ਼ਿਕਾਇਤ ਹੈ, ਉਹ ਇਹ ਕਿ ਪਾਰਟੀ ਦਾ ਸੰਗਠਨ ਸਰਕਾਰ ਦੀ ਹਾਂ ’ਚ ਹਾਂ ਮਿਲਾਉਣ ਵਾਲਾ ‘ਯੈੱਸ ਮੈਨ’ ਬਣ ਗਿਆ ਹੈ। ਇਸੇ ਲਈ ਆਰ. ਐੱਸ. ਐੱਸ. ਦੇ ਸੁਧਾਰ ਏਜੰਡੇ ’ਚ ਇਹ ਗੱਲ ਸਭ ਤੋਂ ਉੱਪਰ ਹੈ ਕਿ ਭਾਜਪਾ ਸੰਗਠਨ ਨੂੰ ਮੋਦੀ ਸਰਕਾਰ ਤੋਂ ਵੱਖ ਕੀਤਾ ਜਾਵੇ। ਸੰਗਠਨ ਆਪਣੇ ਫੈਸਲੇ ਖੁਦ ਲਵੇ ਨਾ ਕਿ ਸਰਕਾਰ ਦੀਆਂ ਹਦਾਇਤਾਂ ’ਤੇ। ਹਾਂ, ਸਰਕਾਰ ਨਾਲ ਸੰਗਠਨ ਦਾ ਤਾਲਮੇਲ ਬੇਹੱਦ ਜ਼ਰੂਰੀ ਹੈ ਅਤੇ ਇਸ ਦਾ ਧਿਆਨ ਜ਼ਰੂਰ ਰੱਖਿਆ ਜਾਵੇਗਾ।

## ਤਾਪਮਾਨ ਵਧਣ ਦੇ ਨਾਲ ਦਿੱਲੀ-ਐੱਨਸੀਆਰ ਦੇ ਹਸਪਤਾਲਾਂ 'ਚ ਲੂ ਤੋਂ ਪੀੜਤ ਮਰੀਜ਼ਾਂ ਗਿਣਤੀ ਵਧੀ



ਦਿੱਲੀ 'ਚ ਤਾਪਮਾਨ ਵਧਣ ਦੇ ਨਾਲ ਹੀ ਦਿੱਲੀ-ਐੱਨਸੀਆਰ ਦੇ ਹਸਪਤਾਲਾਂ 'ਚ ਲੂ ਲੱਗਣ ਅਤੇ ਥਕਾਵਟ ਦੀ ਸ਼ਿਕਾਇਤ ਕਰਨ ਵਾਲੇ ਮਰੀਜ਼ਾਂ ਦੀ ਭੀੜ ਵਧਦੀ ਜਾ ਰਹੀ ਹੈ। ਡਾਕਟਰਾਂ ਨੇ ਬਜ਼ੁਰਗਾਂ ਅਤੇ ਕਮਜ਼ੋਰ ਇਮਿਊਨਿਟੀ ਵਾਲੇ ਮਰੀਜ਼ਾਂ ਨੂੰ ਕੜਾਕੇ ਦੀ ਗਰਮੀ ਵਿੱਚ ਘਰੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ। ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ ਦਿੱਲੀ ਦੇ ਸਰਕਾਰੀ ਹਸਪਤਾਲਾਂ ਵਿੱਚ ਲੂ ਲੱਗਣ ਦੇ ਮਰੀਜ਼ਾਂ ਲਈ ਦੋ-ਦੋ ਬੈੱਡ ਰਾਖਵੇਂ ਰੱਖੇ ਜਾਣਗੇ, ਜਦੋਂ ਕਿ ਲੋਕ ਨਾਇਕ ਜੈਪ੍ਰਕਾਸ਼ (ਐਲਐਨਜੇਪੀ) ਹਸਪਤਾਲ ਵਿੱਚ ਪੰਜ ਬੈੱਡ ਰਾਖਵੇਂ ਰੱਖੇ ਜਾਣਗੇ।LNJP ਹਸਪਤਾਲ ਦੀ ਡਿਪਟੀ ਮੈਡੀਕਲ ਸੁਪਰਡੈਂਟ ਡਾ. ਰਿਤੂ ਸਕਸੈਨਾ ਨੇ ਕਿਹਾ, “ਸਾਡੇ ਕੋਲ ਹਰ ਰੋਜ਼ ਅੱਠ ਤੋਂ 10 ਮਰੀਜ਼ ਆ ਰਹੇ ਹਨ। ਕੁਝ ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ ਹਨ ਜਿਨ੍ਹਾਂ ਨੂੰ ਆਈਸੀਯੂ ਵਿੱਚ ਦਾਖਲ ਕਰਵਾਉਣ ਦੀ ਲੋੜ ਹੈ। ਕੱਲ੍ਹ ਸਾਡੇ ਕੋਲ ਦੋ ਮਰੀਜ਼ ਸਨ ਜੋ ਹਸਪਤਾਲ ਵਿੱਚ ਦਾਖਲ ਸਨ ਅਤੇ ਇਸ ਤੋਂ ਪਹਿਲਾਂ ਚਾਰ ਮਰੀਜ਼ ਆਈਸੀਯੂ ਵਿੱਚ ਦਾਖਲ ਸਨ। ਉਸਨੇ ਕਿਹਾ, "ਗੰਭੀਰ ਰੂਪ ਵਿੱਚ ਬਿਮਾਰ ਹੋਣ ਵਾਲੇ ਮਰੀਜ਼ ਉਹ ਹਨ ਜੋ ਬਜ਼ੁਰਗ ਹੁੰਦੇ ਹਨ ਜਾਂ ਹਾਈਪਰਟੈਨਸ਼ਨ, ਸ਼ੂਗਰ ਅਤੇ ਕੋਰੋਨਰੀ ਆਰਟਰੀ ਬਿਮਾਰੀ (CAD) ਵਰਗੀਆਂ ਸਹਿ-ਰੋਗ ਵਾਲੇ ਹੁੰਦੇ ਹਨ।" ਸਾਡੇ ਕੋਲ ਬਾਬੂ ਜਗਜੀਵਨ ਰਾਮ ਹਸਪਤਾਲ ਅਤੇ ਸੱਤਿਆਵਾਦੀ ਰਾਜਾ ਹਰੀਸ਼ਚੰਦਰ ਹਸਪਤਾਲ ਵਰਗੇ ਨੇੜਲੇ ਹਸਪਤਾਲਾਂ ਤੋਂ ਵੀ ਕੁਝ ਮਰੀਜ਼ ਆ ਰਹੇ ਹਨ।ਸੀਨੀਅਰ ਡਾਕਟਰ ਨੇ ਦੱਸਿਆ ਕਿ ਇਹ ਵਾਧਾ ਗਰਮੀ ਦੇ ਵਧਣ ਦੇ ਅਨੁਪਾਤ ਵਿੱਚ ਹੋਇਆ ਹੈ। ਗੁਰੂਗ੍ਰਾਮ ਦੇ ਸੀਕੇ ਬਿਰਲਾ ਹਸਪਤਾਲ ਦੀ ਓਪੀਡੀ ਵਿੱਚ ਰੋਜ਼ਾਨਾ ਇੱਕ ਤੋਂ ਦੋ ਮਰੀਜ਼ ਗਰਮੀ ਨਾਲ ਸਬੰਧਤ ਬਿਮਾਰੀਆਂ ਜਿਵੇਂ ਕਿ ਥਕਾਵਟ ਅਤੇ ਗਰਮੀ ਦੇ ਧੱਫੜ ਨਾਲ ਆਉਂਦੇ ਹਨ, ਹਾਲਾਂਕਿ ਉਨ੍ਹਾਂ ਨੇ ਲੂ ਲੱਗਣ ਤੋਂ ਪੀੜਤ ਕਿਸੇ ਮਰੀਜ਼ ਦਾ ਇਲਾਜ ਨਹੀਂ ਕੀਤਾ ਹੈ। ਸੀਕੇ ਬਿਰਲਾ ਹਸਪਤਾਲ ਦੇ ਅੰਦਰੂਨੀ ਦਵਾਈ ਵਿਭਾਗ ਦੇ ਸਲਾਹਕਾਰ ਡਾ: ਤੁਸ਼ਾਰ ਤਾਇਲ ਅਨੁਸਾਰ ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਬਜ਼ੁਰਗ ਮਰੀਜ਼ ਅਤੇ ਜ਼ਿਆਦਾ ਸਰੀਰਕ ਗਤੀਵਿਧੀਆਂ ਕਰਨ ਵਾਲੇ ਨੌਜਵਾਨ ਗਰਮੀ ਦੀ ਥਕਾਵਟ ਤੋਂ ਜ਼ਿਆਦਾ ਪੀੜਤ ਹਨ। ਫੋਰਟਿਸ ਹਸਪਤਾਲ, ਵਸੰਤ ਕੁੰਜ ਵਿੱਚ ਆਊਟ ਪੇਸ਼ੈਂਟ ਡਿਪਾਰਟਮੈਂਟ (OPD) ਦੀ ਸਲਾਹ ਅਤੇ ਦਾਖਲੇ ਦੋਵਾਂ ਲਈ ਰੋਜ਼ਾਨਾ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਦੇਖਿਆ ਜਾ ਰਿਹਾ ਹੈ।

# ਜ਼ਿਮਨੀ ਚੋਣ ਨੂੰ 21 ਦਿਨ ਬਾਕੀ, ਦਾਅਵੇਦਾਰਾਂ ਦੇ ਚੱਕਰਵਿਊ 'ਚ ਫਸੀ ਕਾਂਗਰਸ ਨੂੰ ਨਹੀਂ ਮਿਲ ਰਿਹੈ ਮਜ਼ਬੂਤ ਉਮੀਦਵਾਰ

ਜਲੰਧਰ ਵੈਸਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦਾ ਐਲਾਨ ਹੋਣ ਦੇ 9 ਦਿਨ ਬੀਤ ਜਾਣ ਦੇ ਬਾਵਜੂਦ ਕਾਂਗਰਸ ਨੂੰ ਅਜੇ ਤੱਕ ਕੋਈ ਅਜਿਹਾ ਮਜ਼ਬੂਤ ਚਿਹਰਾ ਨਹੀਂ ਮਿਲ ਰਿਹਾ, ਜਿਸ ਨੂੰ ਉਹ ਚੋਣ ਮੈਦਾਨ ਵਿਚ ਉਤਾਰ ਸਕੇ। ਹਾਲਾਂਕਿ 21 ਟਿਕਟਾਂ ਦੇ ਦਾਅਵੇਦਾਰਾਂ 'ਚ ਆਖਰੀ ਪੇਚ ਨਗਰ ਨਿਗਮ ਦੀ ਸਾਬਕਾ ਸੀਨੀ. ਡਿਪਟੀ ਮੇਅਰ ਸੁਰਿੰਦਰ ਕੌਰ ਅਤੇ ਜ਼ਿਲ੍ਹਾ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਪਵਨ ਕੁਮਾਰ ਵਿਚਾਲੇ ਹੀ ਫਸਿਆ ਮੰਨਿਆ ਜਾ ਰਿਹਾ ਹੈ।

ਬੀਤੇ ਦਿਨ ਸਾਰਾ ਦਿਨ ਕਾਂਗਰਸ ਦੇ ਸੀਨੀਅਰ ਆਗੂ ਇਹ ਦਾਅਵੇ ਕਰਦੇ ਰਹੇ ਕਿ ਹਾਈਕਮਾਂਡ ਸ਼ਾਮ ਤੱਕ ਉਮੀਦਵਾਰਾਂ ਦੀ ਚੋਣ ਕਰਕੇ ਉਨ੍ਹਾਂ ਦੇ ਨਾਵਾਂ ਦਾ ਐਲਾਨ ਕਰ ਦੇਵੇਗੀ ਪਰ ਦਿਨ ਭਰ ਇਕ-ਦੂਜੇ ਦੀ ਨਬਜ਼ ਟਟੋਲਦੇ ਦਾਅਵੇਦਾਰ ਦੇਰ ਸ਼ਾਮ ਤੱਕ ਕਾਫ਼ੀ ਬੇਚੈਨ ਨਜ਼ਰ ਆਏ। ਭਾਵੇਂ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖਰੀ ਮਿਤੀ 21 ਜੂਨ ਹੈ ਪਰ ਭਾਜਪਾ ਉਮੀਦਵਾਰ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਤੇ 'ਆਪ'ਦੇ ਉਮੀਦਵਾਰ ਮਹਿੰਦਰ ਭਗਤ ਨੇ ਆਪਣੇ ਨਾਵਾਂ ਦਾ ਐਲਾਨ ਹੋਣ ਤੋਂ ਬਾਅਦ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।ਜਾਪਦਾ ਹੈ ਕਿ ਦਾਅਵੇਦਾਰਾਂ ਦੀ ਫ਼ੌਜ ਖੜ੍ਹੀ ਕਰਨ ਤੋਂ ਬਾਅਦ ਕਾਂਗਰਸੀ ਆਗੂ ਹੁਣ ਇਕ ਹੀ ਨਾਂ 'ਤੇ ਆਪਣੀ ਮੋਹਰ ਲਾਉਣ ਤੋਂ ਡਰ ਰਹੇ ਹਨ ਕਿ ਟਿਕਟ ਤੋਂ ਲਾਂਭੇ ਕੀਤੇ ਗਏ ਦਾਅਵੇਦਾਰ ਪਾਰਟੀ ਉਮੀਦਵਾਰ ਵਿਰੁੱਧ ਬਗਾਵਤ ਕਰ ਸਕਦੇ ਹਨ ਜਾਂ ਪਾਰਟੀ ਉਮੀਦਵਾਰ ਖ਼ਿਲਾਫ਼ ਵਿਸ਼ਵਾਸਘਾਤ ਕਰਕੇ ਜ਼ਿਮਨੀ ਚੋਣ 'ਚ ਕਿਤੇ ਨੁਕਸਾਨ ਨਾ ਪਹੁੰਚਾ ਦੇਣ। ਇਸੇ ਲੜੀ ਤਹਿਤ ਬੀਤੇ ਦਿਨ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਹਲਕਾ ਪੱਛਮੀ ਦਾ ਦੌਰਾ ਕਰਕੇ ਟਿਕਟ ਦੇ ਦਾਅਵੇਦਾਰਾਂ ਦੇ ਘਰ-ਘਰ ਜਾ ਕੇ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਜ਼ਿਲ੍ਹਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨ. ਸਕੱਤਰ ਮਨੂ ਵੜਿੰਗ ਵੀ ਮੌਜੂਦ ਸਨ।ਕਾਂਗਰਸ ਭਾਵੇਂ ਇਸ ਨੂੰ ਧੰਨਵਾਦ ਯਾਤਰਾ ਕਹਿ ਰਹੀ ਹੈ ਪਰ ਪਰਦੇ ਪਿੱਛੇ ਦੀ ਕਹਾਣੀ ਕੁਝ ਵੱਖਰਾ ਹੀ ਬਿਆਨ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਸੰਸਦ ਮੈਂਬਰ ਚੰਨੀ ਨੇ ਕਿਸੇ ਇਕ ਉਮੀਦਵਾਰ ਦਾ ਐਲਾਨ ਕਰਨ ਤੋਂ ਪਹਿਲਾਂ ਦਾਅਵੇਦਾਰਾਂ ਦੇ ਘਰ ਜਾ ਕੇ ਸੰਭਾਵੀ ਬਗਾਵਤ ਦੀਆਂ ਸੰਭਾਵਨਾਵਾਂ ਨੂੰ ਖ਼ਤਮ ਕਰਨ ਦੀ ਰਣਨੀਤੀ ਸ਼ੁਰੂ ਕਰ ਦਿੱਤੀ ਹੈ। ਬੀਤੇ ਦਿਨ ਚੰਨੀ ਤੇ ਬੇਰੀ ਸੂਬਾ ਕਾਂਗਰਸ ਕਾਰਜਕਾਰਨੀ ਮੈਂਬਰ ਵਿਕਾਸ ਸੰਗਰ, ਸੂਬਾ ਕਾਂਗਰਸ ਸਕੱਤਰ ਸੁਰਿੰਦਰ ਚੌਧਰੀ, ਸੀਨੀ. ਕਾਂਗਰਸੀ ਆਗੂ ਗੁਲਜ਼ਾਰੀ ਲਾਲ ਸਾਰੰਗਲ, ਅਸ਼ਵਨੀ ਜੰਗਰਾਲ, ਸਾਬਕਾ ਕੌਂਸਲਰ ਰਾਜੀਵ ਟਿੱਕਾ, ਸਾਬਕਾ ਕੌਂਸਲਰ ਪਤੀ ਬਲਬੀਰ ਅੰਗੁਰਾਲ ਦੇ ਘਰ ਪੁੱਜੇ। ਲੋਕ ਸਭਾ ਚੋਣਾਂ 'ਚ ਉਪਰੋਕਤ ਆਗੂਆਂ ਦੀ ਸਖ਼ਤ ਮਿਹਨਤ ਲਈ ਧੰਨਵਾਦ ਪ੍ਰਗਟ ਕਰਦਿਆਂ ਚੰਨੀ ਨੇ ਉਨ੍ਹਾਂ ਨੂੰ ਜ਼ਿਮਨੀ ਚੋਣਾਂ 'ਚ ਆਪਣੇ ਵਿਰੋਧੀਆਂ ਨਾਲ ਡਟ ਕੇ ਮੁਕਾਬਲਾ ਕਰਨ ਅਤੇ ਕਾਂਗਰਸ ਦਾ ਝੰਡਾ ਬੁਲੰਦ ਕਰਨ ਦਾ ਸੱਦਾ ਦਿੱਤਾ। ਜ਼ਿਮਨੀ ਚੋਣਾਂ 'ਚ ਵੋਟਾਂ ਪੈਣ 'ਚ ਸਿਰਫ਼ 21 ਦਿਨ ਬਾਕੀ ਹਨ ਪਰ 21 ਦਿਨਾਂ ਦੇ ਚੱਕਰਵਿਊ 'ਚ ਫਸੀ ਕਾਂਗਰਸ ਲੋਕ ਸਭਾ ਚੋਣਾਂ ਇੰਨੀ ਸ਼ਾਨ ਨਾਲ ਜਿੱਤਣ ਤੋਂ ਬਾਅਦ ਹੁਣ ਆਪਣੇ ਉਮੀਦਵਾਰਾਂ ਦੇ ਐਲਾਨ 'ਚ ਕਾਫ਼ੀ ਪੱਛੜ ਕੇ ਖ਼ੁਦ ਨੂੰ ਆਪਣੀ ਕਿਰਕਰੀ ਕਰਵਾ ਰਹੀ ਹੈ।

# 1 ਸਾਲ ਪਹਿਲਾਂ ਰਿਟਾਇਰ ਹੋਏ DSP ਨੇ ਲਾਈਸੈਂਸੀ ਰਿਵਾਲਵਰ ਨਾਲ ਖ਼ੁਦ ਨੂੰ ਮਾਰੀ ਗੋਲ਼ੀ,



ਪੰਜਾਬ ਪੁਲਸ ਦੇ ਰਿਟਾਇਰਡ ਡੀ.ਐੱਸ.ਪੀ. ਬਰਜਿੰਦਰ ਸਿੰਘ ਭੁੱਲਰ ਨੇ ਆਪਣੇ ਲਾਈਸੈਂਸੀ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਰਾਭਾ ਨਗਰ ਦੀ ਪੁਲਸ ਮੌਕੇ 'ਤੇ ਪੁੱਜੀ। ਡੀ.ਐੱਸ.ਪੀ. ਦੀ ਲਾਸ਼ ਕਮਰੇ 'ਚ ਕੁਰਸੀ 'ਤੇ ਪਈ ਸੀ। ਪੁਲਸ ਨੇ ਲਾਸ਼ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾਈ।

ਜਾਣਕਾਰੀ ਮੁਤਾਬਕ ਬਰਜਿੰਦਰ ਸਿੰਘ ਭੁੱਲਰ ਲਗਭਗ 1 ਸਾਲ ਪਹਿਲਾਂ ਰਿਟਾਇਰ ਹੋਏ ਸਨ। ਜਦ ਉਹ ਰਿਟਾਇਰਡ ਹੋਏ ਤਾਂ ਉਨ੍ਹਾਂ ਦੀ ਅੰਤਿਮ ਪੋਸਟਿੰਗ ਆਈ.ਆਰ.ਬੀ. ਵਿਚ ਸੀ। ਉਹ ਸਰਾਭਾ ਨਗਰ ਇਲਾਕੇ ਦੇ ਗ੍ਰੀਨ ਐਵੇਨਿਊ 'ਚ ਆਪਣੇ ਮਾਤਾ-ਪਿਤਾ ਨਾਲ ਰਹਿੰਦੇ ਸਨ, ਜਦਕਿ ਉਨ੍ਹਾਂ ਦੀ ਪਤਨੀ, ਬੱਚਿਆਂ ਦੇ ਨਾਲ ਵਿਦੇਸ਼ 'ਚ ਰਹਿੰਦੀ ਹੈ।ਪਤਾ ਲੱਗਾ ਹੈ ਕਿ ਬਰਜਿੰਦਰ ਸਿੰਘ ਕਾਫੀ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਉਹ ਅਕਸਰ ਘਰ 'ਚ ਇਕੱਲੇ ਕਮਰੇ 'ਚ ਬੈਠੇ ਰਹਿੰਦੇ ਸੀ। ਬੀਤੇ ਦਿਨ ਉਨ੍ਹਾਂ ਨੇ ਕਮਰੇ 'ਚ ਕੁਰਸੀ 'ਤੇ ਬੈਠ ਕੇ ਖੁਦ ਨੂੰ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਮਾਰ ਲਈ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਮੌਤ ਹੋ ਗਈ। ਗੋਲੀ ਦੀ ਆਵਾਜ਼ ਸੁਣ ਕੇ ਮਾਤਾ-ਪਿਤਾ ਕਮਰੇ 'ਚ ਪੁੱਜੇ ਤਾਂ ਅੱਗੇ ਬਰਜਿੰਦਰ ਦੀ ਲਾਸ਼ ਪਈ ਸੀ।

ਇਸ ਤੋਂ ਬਾਅਦ ਨੇੜੇ ਦੇ ਲੋਕ ਇਕੱਠੇ ਹੋਏ ਅਤੇ ਪੁਲਸ ਵੀ ਪੁੱਜ ਗਈ। ਐੱਸ.ਐੱਚ.ਓ. ਪਰਮਵੀਰ ਸਿੰਘ ਮੁਤਾਬਕ ਫਿਲਹਾਲ ਲਾਸ਼ ਨੂੰ ਸਿਵਲ ਹਸਪਤਾਲ ਪਹੁੰਚਾ ਦਿੱਤਾ ਤੇ ਉਨ੍ਹਾਂ ਨੇ ਅਜਿਹਾ ਕਿਉਂ ਕੀਤਾ, ਇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਬੈਂਕ 'ਚ ਵੀ ਸੁਰੱਖਿਅਤ ਨਹੀਂ ਪੈਸਾ! ICICI ਬੈਂਕ ਦੇ ਮੈਨੇਜਰ ਦਾ ਕਾਂਡ ਸੁਣ ਨਹੀਂ ਹੋਵੇਗਾ ਯਕੀਨ




ਸਥਾਨਕ ICICI ਤੋਂ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੋਂ ਦੇ ਮੈਨੇਜਰ ਨੇ ਤਕਨਾਲੋਜੀ ਦੀ ਵਰਤੋਂ ਕਰ ਕੇ ਲੋਕਾਂ ਦੇ ਖ਼ਾਤੇ ਵਿਚੋਂ ਲੱਖਾਂ ਰੁਪਏ ਕੱਢਵਾ ਲਏ। ਜਦੋਂ ਇਸ ਗੱਲ ਦੀ ਭਿਣਕ ਬੈਂਕ ਦੇ ਅਧਿਕਾਰੀਆਂ ਨੂੰ ਲੱਗੀ ਤਾਂ ਉਨ੍ਹਾਂ ਨੇ ਜਾਂਚ ਪੜਤਾਲ ਕਰ ਕੇ ਪੁਲਸ ਨੂੰ ਇਸ ਦੀ ਸ਼ਿਕਾਇਤ ਦਿੱਤੀ ਤੇ ਪੁਲਸ ਵੱਲੋਂ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਸੁੰਦਰ ਨਗਰ ਸਥਿਤ ICICI ਬੈਂਕ ਦੇ ਮੈਨੇਜਰ ਨੇ ਖ਼ਾਤਾ ਧਾਰਕਾਂ ਦੇ 6 ਖ਼ਾਤਿਆਂ ਵਿਚੋਂ 80.70 ਲੱਖ ਰੁਪਏ ਕੱਢਵਾ ਲਏ। ਬੈਂਕ ਮੈਨੇਜਰ ਰਾਹੁਲ ਸ਼ਰਮਾ ਕਈ ਸਾਲਾਂ ਤੋਂ ਉਕਤ ਨਿੱਜੀ ਬੈਂਕ ਵਿਚ ਮੈਨੇਜਰ ਵਜੋਂ ਕੰਮ ਕਰ ਰਿਹਾ ਸੀ। ਬੈਂਕ ਮੈਨੇਜਰ ਨੇ 2023 ਵਿਚ ਇੰਟਰਨੈੱਟ ਟੈਕਾਨਾਲੋਜੀ ਦੀ ਵਰਤੋਂ ਕਰ ਕੇ ਖ਼ਾਤਾਧਾਰਕਾਂ ਦੇ ਜਾਅਲੀ ਦਸਤਾਵੇਜ਼ ਤਿਆਰ ਕਰ ਕੇ 6 ਬੈਂਕ ਖ਼ਾਤਿਆਂ ਤੋਂ ਲੱਖਾਂ ਰੁਪਏ ਦੀ ਨਕਦੀ ਕੱਢਵਾ ਲਈ। 2024 ਵਿਚ ਮੈਨੇਜਰ ਵੱਲੋਂ ਕੀਤੀ ਜਾ ਰਹੀ ਧੋਖਾਧੜੀ ਦਾ ਪਤਾ ਬੈਂਕ ਦੇ ਉੱਚ ਅਧਿਕਾਰੀਆਂ ਨੂੰ ਲੱਗਿਆ। ਇਸ ਮਗਰੋਂ ਬੈਂਕ ਦੇ ਅਧਿਕਾਰੀਆਂ ਨੇ ਜਾਂਚ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਬੈਂਕ ਮੈਨੇਜਰ ਰਾਹੁਲ ਸ਼ਰਮਾ ਨੇ 6 ਵੱਖ-ਵੱਖ ਖ਼ਾਤਿਆਂ ਵਿਚੋਂ ਨਕਦੀ ਕਢਵਾ ਕੇ ਧੋਖਾਧੜੀ ਕੀਤੀ ਹੈ। ਥਾਣਾ ਦਰੇਸੀ ਦੀ ਪੁਲਸ ਨੇ ਬੈਂਕ ਮੁਲਾਜ਼ਮ ਅਰਵਿੰਦ ਕੁਮਾਰ ਦੇ ਬਿਆਨਾਂ 'ਤੇ ਬੈਂਕ ਮੈਨੇਜਰ ਰਾਹੁਲ ਸ਼ਰਮਾ ਦੇ ਖ਼ਿਲਾਫ਼ ਧਾਰਾ 420 ਤੇ 408 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸੁਖਦੇਵ ਸਿੰਘ ਨੇ ਦੱਸਿਆ ਕਿ ਫ਼ਿਲਹਾਲ 47 ਸਾਲਾ ਬੈਂਕ ਮੈਨੇਜਰ ਰਾਹੁਲ ਸ਼ਰਮਾ ਫ਼ਰਾਰ ਹੈ। ਪੁਲਸ ਮੁਲਜ਼ਮ ਦੀ ਭਾਲ ਵਿਚ ਛਾਪੇਮਾਰੀ ਕਰ ਰਹੀ ਹੈ, ਜਿਸ ਨੂੰ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ।

# ਖਾਧੀ ਪੀਤੀ 'ਚ ਦੁਕਾਨ 'ਚ ਵੜਿਆ ਚੋਰ, ਗੱਲੇ ਚੋਂ ਕੱਢੇ 50,000 ਰੁਪਏ, ਲੋਕਾਂ ਨੇ ਫੜ ਕੇ ਕੀਤੀ ਛਿੱਤਰ ਪਰੇਡ



ਗੁਰਦਾਸਪੁਰ ਦੇ ਜੇਲ੍ਹ ਰੋਡ ਤੇ ਸਥਿਤ ਸਾਹਮਣੇ ਸਿੰਘ ਸਭਾ ਗੁਰਦੁਆਰੇ ਦੇ ਦਿਲਰਾਜ ਟੈਲੀਕੋਮ 'ਚ ਲੱਗੇ ਤਾਲੇ ਨੂੰ ਪੇਚਕਸ ਨਾਲ ਤੋੜ ਕੇ ਲੁੱਟ ਦੀ ਨੀਅਤ ਨਾਲ ਅੰਦਰ ਦਾਖਲ ਹੋਇਆ। ਚੋਰ ਗੱਲੇ ਵਿੱਚੋਂ 50 ਹਜਾਰ ਰੁਪਏ ਕੱਢ ਕੇ ਫਰਾਰ ਹੋਣ ਲੱਗਾ ਸੀ ਕਿ ਨੇੜੇ ਬਾਜਵਾ ਡੇਅਰੀ ਦੀ ਮਾਲਕਨ ਅਮਰਜੀਤ ਕੌਰ ਨੇ ਮੌਕੇ ਤੇ ਚੋਰ ਨੂੰ ਕਾਬੂ ਕਰਕੇ ਰੌਲਾ ਪਾਇਆ। ਰੌਲਾ ਸੁਣ ਕੇ ਦੁਕਾਨ ਦਾ ਮਾਲਕ ਗੁਰਮੇਤ ਸਿੰਘ ਪੁੱਤਰ ਲਖਵਿੰਦਰ ਸਿੰਘ ਪਿੰਡ ਲਿੱਤਰ ਨੇ ਮੌਕੇ ਤੇ ਪਹੁੰਚ ਕੇ ਚੋਰ ਦੀ ਛਿੱਤਰ ਪਰੇਡ ਕੀਤੀ ਅਤੇ ਫਿਰ ਪੁਲਿਸ ਦੇ ਹਵਾਲੇ ਕਰ ਦਿੱਤਾ। ਚੋਰ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਦੀ ਜੇਬ੍ਹ ਵਿੱਚੋਂ ਨਸ਼ੇ ਦੀ ਸਰਿੰਜ ਬਰਾਮਦ ਹੋਈ ਅਤੇ ਉਸਨੇ ਕਿਹਾ ਕਿ ਇਹ ਇਹ ਚੋਰੀ ਉਸਨੇ ਨਸ਼ੇ ਦੀ ਹਾਲਤ ਵਿੱਚ ਕੀਤੀ ਹੈ। ਉਸਨੇ ਆਪਣਾ ਨਾਮ ਮਨੀਸ਼ ਸ਼ਰਮਾ ਵਾਸੀ ਪਿੰਡ ਗਾਹਲੜੀ ਦੱਸਿਆ ਤੇ ਕਿਹਾ ਕਿ ਉਹ ਨਸ਼ੇ ਦੀ ਪੂਰਤੀ ਲਈ ਚੋਰੀਆਂ ਕਰਦਾ ਹੈ। ਉਸ ਨੇ ਇਹ ਵੀ ਦੱਸਿਆ ਹੈ ਕਿ ਉਹ ਬਹਿਰਾਮਪੁਰ ਦੇ ਨੇੜੇ ਰਹਿੰਦੇ ਲੋਕਾਂ ਤੋਂ ਸ਼ਰੇਆਮ ਨਸ਼ਾ ਲੈਂਦਾ ਹੈ ਜੋ ਸ਼ਰੇਆਮ ਨਸ਼ਾ ਵੇਚਦੇ ਹਨ।ਮੌਕੇ ਤੇ ਮੌਜੂਦ ਗੁਰਮੇਤ ਸਿੰਘ ਦੁਕਾਨ ਦੇ ਮਾਲਕ ਨੇ ਦੱਸਿਆ ਕਿ ਉਹ ਦਿਲਰਾਜ ਟੈਲੀਕੋਮ ਦਾ ਮਾਲਕ ਹੈ ਅਤੇ ਦੁਪਹਿਰ ਨੂੰ ਦੁਕਾਨ ਬੰਦ ਕਰਕੇ ਖਾਣਾ ਖਾਣ ਲਈ ਘਰ ਗਿਆ ਸੀ ਤਾਂ ਪਿੱਛੋਂ ਇਹ ਪੇਚਕਸ ਨਾਲ ਦੁਕਾਨ ਦਾ ਤਾਲਾ ਤੋੜ ਕੇ ਅੰਦਰ ਦਾਖਲ ਹੋ ਗਿਆ ਤਾਂ ਅਮਰਜੀਤ ਕੌਰ ਜਿਸ ਦੀ ਡੇਅਰੀ ਬਿਲਕੁਲ ਨਾਲ ਹੈ ਉਸਨੇ ਚੋਰ ਨੂੰ ਮੌਕੇ ਤੋਂ ਰੰਗੇ ਹੱਥੀ ਫੜ ਲਿਆ ਅਤੇ ਉਸ ਕੋਲੋਂ 50 ਹਜਾਰ ਰੁਪਏ ਖੋਹ ਕੇ ਮੈਨੂੰ ਵਾਪਸ ਕੀਤੇ ਹਨ। ਪੁਲਿਸ ਪ੍ਰਸ਼ਾਸਨ ਨੇ ਦੋਸ਼ੀ ਨੂੰ ਕਾਬੂ ਕਰਦਿਆਂ ਹੋਇਆ ਕਿਹਾ ਕਿ ਇਸ ਕੋਲੋਂ ਪੁੱਛਗਿੱਛ ਕੀਤੀ ਜਾਵੇਗੀ ਕਿ ਉਸ ਨੇ ਇਹ ਚੋਰੀ ਕਿਉਂ ਕੀਤੀ ਹੈ ਅਤੇ ਕਿੱਥੋਂ ਨਸ਼ਾ ਲਿਆਂਦਾ ਹੈ। ਇਸ ਦੇ ਨਾਲ ਹੀ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਸਾਰੀ ਜਾਣਕਾਰੀ ਦੇ ਦਿੱਤੀ ਜਾਵੇਗੀ।

# ਮੁੱਖ ਮੰਤਰੀ ਨੇ ਘੱਗਰ ਨਦੀ ਦੇ ਨਾਲ ਲਗਦੇ ਇਲਾਕਿਆਂ 'ਚ ਚੱਲ ਰਹੇ ਹੜ੍ਹ ਰੋਕੂ ਕਾਰਜਾਂ ਦਾ ਲਿਆ ਜਾਇਜ਼ਾ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਘੱਗਰ ਨਦੀ ਦੇ ਨਾਲ ਲਗਦੇ ਹੜ੍ਹ ਸੰਭਾਵੀ ਇਲਾਕਿਆਂ ਦਾ ਦੌਰਾ ਕਰਕੇ ਜ਼ਮੀਨੀ ਪੱਧਰ 'ਤੇ ਹੜ੍ਹਾਂ ਨਾਲ ਨਜਿੱਠਣ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਸੂਬਾ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਘੱਗਰ ਨਦੀ ਦੇ ਨਾਲ ਲਗਦੇ ਇਲਾਕਿਆਂ ਦਾ ਦੌਰਾ ਕਰ ਕੇ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਹੁਣ ਸਮਾਂ ਪਹਿਲਾਂ ਵਰਗਾ ਨਹੀਂ ਰਿਹਾ, ਜਦੋਂ ਸੂਬੇ ਦੇ ਮੁਖੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਉਦੋਂ ਕਰਦੇ ਸਨ, ਜਦੋਂ ਇਲਾਕਾ ਪਾਣੀ ਵਿਚ ਡੁੱਬ ਰਿਹਾ ਹੁੰਦਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਆਗੂਆਂ ਨੇ ਮਹਿਜ਼ ਫੋਟੋਆਂ ਖਿਚਵਾਉਣ ਲਈ ਅਜਿਹੇ ਮੌਕਿਆਂ ਦੀ ਵਰਤੋਂ ਕੀਤੀ ਅਤੇ ਲੋਕਾਂ ਦੀ ਸੁਰੱਖਿਆ ਤੇ ਸਰੋਕਾਰਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ।ਮੁੱਖ ਮੰਤਰੀ ਨੇ ਕਿਹਾ ਕਿ ਇਸ ਦੇ ਉਲਟ ਉਨ੍ਹਾਂ ਨੇ ਹੜ੍ਹਾਂ ਤੋਂ ਬਚਾਉਣ ਲਈ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਲਈ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਹੜ੍ਹਾਂ ਤੋਂ ਬਚਾਅ ਦਾ ਕੰਮ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕੇ ਅਤੇ ਲੋਕਾਂ ਦਾ ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਸੂਬੇ ਦੇ ਲੋਕਾਂ ਨੇ ਵੱਡਾ ਫ਼ਤਵਾ ਦੇ ਕੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਉਹ ਇਸ ਕੰਮ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਲੋਕਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬੇ ਵਿਚ ਹੜ੍ਹਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ 100 ਸਾਲਾਂ ਦੇ ਫਲੱਡ ਡਿਸਚਾਰਜ ਅਨੁਸਾਰ ਚੋਅ/ਦਰਿਆਵਾਂ ਦੇ ਵਹਾਅ ਨੂੰ ਡਿਜ਼ਾਈਨ ਕਰਨ ਦੀ ਇਤਿਹਾਸਕ ਪਹਿਲਕਦਮੀ ਕੀਤੀ ਹੈ ਅਤੇ ਡਰੇਨ/ਚੋਅ/ਦਰਿਆਵਾਂ ਦੇ ਹੜ੍ਹ ਵਾਲੇ ਮੈਦਾਨਾਂ ਨੂੰ ਨਾਰਦਰਨ ਇੰਡੀਆ ਕੈਨਾਲ ਡਰੇਨੇਜ਼ ਐਕਟ ਤਹਿਤ ਨੋਟੀਫਾਈ ਕੀਤਾ ਗਿਆ ਹੈ ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦਰਿਆਵਾਂ ਦੇ ਮੁੱਖ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਅਗਾਊਂ ਬੰਨ੍ਹਾਂ ਦੇ ਕੰਮ 'ਤੇ ਪਾਬੰਦੀ ਨੂੰ ਵੀ ਯਕੀਨੀ ਬਣਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਮਰਜੈਂਸੀ ਰਿਸਪਾਂਸ ਸਿਸਟਮ ਲਈ ਲੋਕਾਂ ਦਾ ਡੇਟਾ ਬੇਸ ਜਿਵੇਂ ਕਿ ਬੋਰੀਆਂ ਦੇ ਸਪਲਾਇਰ, ਤਾਰ ਬਾਈਂਡਰ, ਧਰਤੀ ਪੁੱਟਣ ਵਾਲੇ ਉਪਕਰਨ, ਟਰੈਕਟਰ ਟਰਾਲੀ ਮਾਲਕਾਂ, ਗੋਤਾਖੋਰਾਂ ਅਤੇ ਸਥਾਨਕ ਵਲੰਟੀਅਰਾਂ ਬਾਰੇ ਜਾਣਕਾਰੀ, ਵੀ ਤਿਆਰ ਕੀਤੀ ਗਈ ਹੈ ਤਾਂ ਜੋ ਹੰਗਾਮੀ ਸਥਿਤੀ ਨਾਲ ਨਜਿੱਠਿਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੀਮਿੰਟ ਦੀਆਂ ਖਾਲੀ ਬੋਰੀਆਂ ਅਤੇ ਭਰੇ ਹੋਏ ਬੋਰਿਆਂ ਨੂੰ ਹੰਗਾਮੀ ਸਥਿਤੀ ਦੌਰਾਨ ਵਰਤਣ ਲਈ ਰਣਨੀਤਕ ਥਾਵਾਂ 'ਤੇ ਸਟੋਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਹੜ੍ਹਾਂ ਨੂੰ ਰੋਕਣ ਲਈ ਦਰਿਆਵਾਂ ਦੀਆਂ ਅੰਦਰੂਨੀ ਢਲਾਣਾਂ 'ਤੇ ਬਾਂਸ ਦੇ ਬੂਟੇ ਲਗਾਏ ਜਾ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਐੱਨ.ਐੱਚ.ਏ.ਆਈ., ਬੀ.ਐਂਡ.ਆਰ. ਅਤੇ ਮੰਡੀ ਬੋਰਡ ਵੱਲੋਂ ਹੜ੍ਹਾਂ ਦੇ ਪਾਣੀ ਦੇ ਸ਼ੀਟ ਫਲੋਅ ਵਿੱਚ ਆਈ ਰੁਕਾਵਟ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਦੂਰ ਕੀਤਾ ਜਾ ਰਿਹਾ ਹੈ।

# ਵੜਿੰਗ ਅੱਜ ਜ਼ਿਲ੍ਹਾ ਪ੍ਰਧਾਨਾਂ ਨਾਲ ਕਰਨਗੇ ਮੀਟਿੰਗ, ਜ਼ਿਮਨੀ ਚੋਣਾਂ ਨੂੰ ਲੈ ਕੇ ਹੁਣ ਤਿਆਰੀ ਖਿੱਚੇਗੀ ਕਾਂਗਰਸ!



ਲੋਕ ਸਭਾ ਚੋਣਾਂ 'ਚ ਮਿਲੀ ਸਫਲਤਾ ਤੋਂ ਬਾਅਦ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅੱਜ ਪਾਰਟੀ ਦੇ ਸਾਰੇ ਜ਼ਿਲਾ ਪ੍ਰਧਾਨਾਂ ਨਾਲ ਮੀਟਿੰਗ ਕਰਨ ਜਾ ਰਹੇ ਹਨ। ਇਸ ਬੈਠਕ 'ਚ ਚੋਣ ਨਤੀਜਿਆਂ 'ਤੇ ਚਰਚਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਹ ਆਉਣ ਵਾਲੀਆਂ ਪੰਜ ਵਿਧਾਨ ਸਭਾ ਜ਼ਿਮਨੀ ਚੋਣਾਂ ਲਈ ਵੀ ਰਣਨੀਤੀ ਬਣਾਉਣਗੇ ਮੀਟਿੰਗ ਚੰਡੀਗੜ੍ਹ ਸਥਿਤ ਪਾਰਟੀ ਦੇ ਮੁੱਖ ਦਫ਼ਤਰ ਵਿਖੇ ਸਵੇਰੇ 11:30 ਵਜੇ ਰੱਖੀ ਗਈ ਹੈ। ਪਾਰਟੀ ਲੋਕ ਸਭਾ ਚੋਣਾਂ ਤੋਂ ਮਿਲੀ ਆਕਸੀਜਨ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਨੂੰ ਸਿੱਧੇ ਤੌਰ 'ਤੇ ਜਨਤਾ ਨਾਲ ਜੋੜਿਆ ਜਾਏ ਕਿਉਂਕਿ ਹੁਣ ਵਿਧਾਨ ਸਭਾ ਚੋਣਾਂ ਲਈ ਢਾਈ ਸਾਲ ਤੋਂ ਵੀ ਘੱਟ ਸਮਾਂ ਬਾਕੀ ਹੈ। ਅਜਿਹੇ ਵਿੱਚ ਪਾਰਟੀ ਕੋਈ ਕਸਰ ਬਾਕੀ ਛੱਡਣ ਦੇ ਮੂਡ ਵਿੱਚ ਨਹੀਂ ਹੈ।

ਇਸ ਵਾਰ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਪਾਰਟੀ ਨੇ 13 ਵਿੱਚੋਂ ਸੱਤ ਸੀਟਾਂ ਜਿੱਤੀਆਂ ਹਨ, ਜਦੋਂਕਿ ਸੱਤਾਧਾਰ ਆਮ ਆਦਮੀ ਪਾਰਟੀ ਨੂੰ ਸਿਰਫ਼ ਤਿੰਨ ਸੀਟਾਂ ਨਾਲ ਹੀ ਸੰਤੁਸ਼ਟ ਹੋਣਾ ਪਿਆ। ਸ਼੍ਰੋਮਣੀ ਅਕਾਲੀ ਦਲ ਨੇ ਇੱਕ ਤੇ ਦੋ ਆਜ਼ਾਦ ਉਮੀਦਵਾਰ ਜਿੱਤੇ। ਹਾਲਾਂਕਿ ਭਾਜਪਾ ਚੋਣਾਂ 'ਚ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ। ਇਸ ਚੋਣ ਵਿਚ ਮਿਲੀ ਸਫਲਤਾ ਕਈ ਮਾਇਨਿਆਂ ਵਿਚ ਵਿਸ਼ੇਸ਼ ਸੀ, ਕਿਉਂਕਿ ਪਾਰਟੀ ਦੇ ਦਿੱਗਜ ਆਗੂ ਨਵਜੋਤ ਸਿੰਘ ਸਿੱਧੂ ਆਪਣੀ ਪਤਨੀ ਦੀ ਬਿਮਾਰੀ ਕਾਰਨ ਦੂਰ ਹੀ ਰਹੇ। ਸੂਬੇ ਵਿੱਚ ਪਾਰਟੀ ਦੀ ਸਰਕਾਰ ਨਹੀਂ ਸੀ। ਹਾਲਾਂਕਿ ਪਾਰਟੀ ਹਾਈਕਮਾਂਡ ਪੰਜਾਬ ਵਿੱਚ ਪੂਰੀ ਤਰ੍ਹਾਂ ਦਿਲਚਸਪੀ ਲੈ ਰਹੀ ਸੀ। ਪ੍ਰਿਅੰਕਾ ਅਤੇ ਰਾਹੁਲ ਗਾਂਧੀ ਨੇ ਪੰਜਾਬ ਦੇ ਅੰਮ੍ਰਿਤਸਰ, ਪਟਿਆਲਾ, ਫਤਿਹਗੜ੍ਹ ਸਾਹਿਬ ਅਤੇ ਲੁਧਿਆਣਾ ਵਿੱਚ ਰੈਲੀਆਂ ਕੀਤੀਆਂ। ਪਾਰਟੀ ਹਰ ਥਾਂ ਜਿੱਤੀ ਹੈ। ਹਾਲਾਂਕਿ 2019 ਵਿਚ ਸੂਬੇ 'ਚ ਕਾਂਗਰਸ ਦੀ ਸਰਕਾਰ ਸੀ। ਉਸ ਸਮੇਂ ਪਾਰਟੀ ਨੇ 8 ਸੀਟਾਂ ਜਿੱਤੀਆਂ ਸਨ,। ਜਦੋਂ ਕਿ ਅਕਾਲੀ ਦਲ ਭਾਜਪਾ ਗਠਜੋੜ ਨੂੰ ਚਾਰ ਅਤੇ 'ਆਪ' ਨੂੰ ਇੱਕ ਸੀਟ ਮਿਲੀ ਸੀ।


ਲੋਕ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਤੋਂ ਬਾਅਦ ਹੁਣ ਜਲੰਧਰ ਪੱਛਮੀ ਦੀ ਉਪ ਚੋਣ ਪਾਰਟੀ ਲਈ ਇਮਤਿਹਾਨ ਬਣ ਗਈ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਪਿਛਲੇ ਕੁਝ ਦਿਨਾਂ ਤੋਂ ਜਲੰਧਰ ਵਿੱਚ ਡੇਰੇ ਲਾਏ ਹੋਏ ਸਨ। ਸਾਰੇ ਪੁਰਾਣੇ ਦਿੱਗਜ ਆਗੂਆਂ ਨੂੰ ਇੱਕ ਮੰਚ 'ਤੇ ਲਿਆਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਦੇ ਨਾਲ ਹੀ ਪਾਰਟੀ ਕਿਸੇ ਨਾ ਕਿਸੇ ਢੰਗ ਨਾਲ ਇਹ ਸੀਟ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ। ਹਾਲਾਂਕਿ ਸੂਤਰਾਂ ਦੀ ਮੰਨੀਏ ਤਾਂ ਪਹਿਲਾਂ ਲੋਕਾਂ ਨੇ ਇਸ ਸੀਟ 'ਤੇ ਚੋਣ ਲੜਨ 'ਚ ਘੱਟ ਦਿਲਚਸਪੀ ਦਿਖਾਈ ਸੀ ਪਰ ਇਸ ਵਾਰ 10 ਤੋਂ 12 ਲੋਕ ਟਿਕਟ ਦੀ ਦੌੜ 'ਚ ਹਨ। ਜਦਕਿ ਸਾਬਕਾ ਸੀਐਮ ਚਰਨਜੀਤ ਸਿੰਘ ਚੰਨੀ ਜਲੰਧਰ ਤੋਂ ਲੋਕ ਸਭਾ ਚੋਣ ਜਿੱਤ ਚੁੱਕੇ ਹਨ। ਅਜਿਹੇ ਵਿੱਚ ਇਸ ਸੀਟ ਤੋਂ ਪਾਰਟੀ ਦੀਆਂ ਉਮੀਦਾਂ ਹੋਰ ਵੀ ਵੱਧ ਗਈਆਂ ਹਨ।

## ਕੇਨ ਵਿਲੀਅਮਸਨ ਨੇ ਲਿਆ ਵੱਡਾ ਫੈਸਲਾ, ਠੁਕਰਾਇਆ ਕੇਂਦਰੀ ਕਰਾਰ, ਕਪਤਾਨੀ ਵੀ ਛੱਡੀ



ਟੀ-20 ਵਿਸ਼ਵ ਕੱਪ 2024 'ਚ ਆਪਣਾ ਸਫਰ ਪਹਿਲੇ ਦੌਰ 'ਚ ਹੀ ਖਤਮ ਕਰਨ ਤੋਂ ਬਾਅਦ ਨਿਊਜ਼ੀਲੈਂਡ ਦੀ ਟੀਮ ਬਦਲਾਅ ਦੇ ਦੌਰ 'ਚ ਦਾਖਲ ਹੋ ਗਈ ਹੈ। ਉਸ ਦੇ ਸਟਾਰ ਤੇਜ਼ ਗੇਂਦਬਾਜ਼ ਟ੍ਰੈਂਟ ਬੋਲਟ ਨੇ ਪਹਿਲਾਂ ਹੀ ਇਸ ਵਿਸ਼ਵ ਕੱਪ ਨੂੰ ਆਪਣਾ ਆਖਰੀ ਵਿਸ਼ਵ ਕੱਪ ਐਲਾਨ ਦਿੱਤਾ ਸੀ। ਹੁਣ ਕਪਤਾਨ ਕੇਨ ਵਿਲੀਅਮਸਨ ਨੇ ਵੀ ਉਨ੍ਹਾਂ ਦਾ ਰਾਹ ਅਪਣਾ ਲਿਆ ਹੈ। ਵਿਲੀਅਮਸਨ ਨੇ ਟੀਮ ਦੀ ਕਪਤਾਨੀ ਛੱਡਣ ਦਾ ਐਲਾਨ ਕਰ ਦਿੱਤਾ ਹੈ। ਉਸ ਨੇ ਇਹ ਵੀ ਕਿਹਾ ਕਿ ਹੁਣ ਉਹ 2024-25 ਦੇ ਸੀਜ਼ਨ ਲਈ ਵੀ ਕੇਂਦਰੀ ਸਮਝੌਤੇ 'ਤੇ ਦਸਤਖਤ ਨਹੀਂ ਕਰਨਗੇ। ਵਿਲੀਅਮਸਨ ਨੇ ਪਹਿਲਾਂ ਹੀ ਟੈਸਟ ਟੀਮ ਦੀ ਕਮਾਨ ਛੱਡ ਦਿੱਤੀ ਸੀ। ਟੀਮ ਟੀ-20 ਵਿਸ਼ਵ ਕੱਪ 'ਚ ਪਹਿਲੇ ਦੌਰ 'ਚ ਹੀ ਬਾਹਰ ਹੋ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਇਹ ਫੈਸਲਾ ਲਿਆ।ਨਿਊਜ਼ੀਲੈਂਡ ਕ੍ਰਿਕਟ (NZC) ਨੇ ਜਾਣਕਾਰੀ ਦਿੱਤੀ ਹੈ ਕਿ ਵਿਲੀਅਮਸਨ ਤੋਂ ਇਲਾਵਾ ਉਸ ਦੇ ਇਕ ਹੋਰ ਤੇਜ਼ ਗੇਂਦਬਾਜ਼ ਲਾਕੀ ਫਰਗੂਸਨ ਨੇ ਵੀ ਦੱਸਿਆ ਹੈ ਕਿ ਉਹ ਵੀ ਨਿਊਜ਼ੀਲੈਂਡ ਦੇ ਕੇਂਦਰੀ ਇਕਰਾਰਨਾਮੇ 'ਤੇ ਦਸਤਖਤ ਨਹੀਂ ਕਰਨਗੇ। 33 ਸਾਲਾ ਵਿਲੀਅਮਸਨ ਨਿਊਜ਼ੀਲੈਂਡ ਕ੍ਰਿਕਟ ਦੇ ਮਹਾਨ ਖਿਡਾਰੀਆਂ ਵਿੱਚੋਂ ਇੱਕ ਹੈ। ਹੁਣ ਤੱਕ ਉਹ ਤਿੰਨੋਂ ਫਾਰਮੈਟਾਂ ਵਿੱਚ ਆਪਣੇ ਦੇਸ਼ ਲਈ 350 ਤੋਂ ਵੱਧ ਮੈਚ ਖੇਡ ਚੁੱਕੇ ਹਨ। ਉਹ ਤਿੰਨਾਂ ਹੀ ਫਾਰਮੈਟਾਂ ਵਿੱਚ ਟੀਮ ਦੀ ਕਪਤਾਨੀ ਕਰ ਚੁੱਕੇ ਹਨ। ਹਾਲਾਂਕਿ ਉਨ੍ਹਾਂ ਨੇ ਟੀਮ ਦੀ ਕਪਤਾਨੀ ਛੱਡ ਦਿੱਤੀ ਹੈ ਪਰ ਉਹ ਤਿੰਨਾਂ ਫਾਰਮੈਟਾਂ ਵਿੱਚ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨਾ ਜਾਰੀ ਰੱਖਣਗੇ।ਇਸ ਬੱਲੇਬਾਜ਼ ਨੇ ਆਪਣੇ ਦੇਸ਼ ਦਾ ਕੇਂਦਰੀ ਕਰਾਰ ਰੱਦ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਵਿਦੇਸ਼ੀ ਕਰਾਰ ਕੀਤਾ ਹੋਇਆ ਹੈ ਅਤੇ ਇਸ ਮੁਤਾਬਕ ਉਹ ਨਿਊਜ਼ੀਲੈਂਡ ਵਿੱਚ ਗਰਮੀਆਂ ਵਿੱਚ ਸ਼ੁਰੂ ਹੋਣ ਵਾਲੇ ਸੀਜ਼ਨ ਲਈ ਉਪਲਬਧ ਨਹੀਂ ਰਹਿਣਗੇ।

## ਬੰਗਲਾਦੇਸ਼ ਦੇ ਤਨਜ਼ੀਮ ਨੇ ਕੀਤਾ ਆਚਾਰ ਸੰਹਿਤਾ ਦਾ ਉਲੰਘਣ, ਲੱਗਾ ਜੁਰਮਾਨਾ



ਬੰਗਲਾਦੇਸ਼ ਦੇ ਤੇਜ਼ ਗੇਂਦਬਾਜ਼ ਤਨਜ਼ੀਮ ਹਸਨ ਸ਼ਾਕਿਬ 'ਤੇ ਨੇਪਾਲ ਖਿਲਾਫ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ 2024 ਦੇ ਗਰੁੱਪ ਡੀ ਮੈਚ ਦੌਰਾਨ ਆਚਾਰ ਸੰਹਿਤਾ ਦੀ ਉਲੰਘਣਾ ਕਰਨ 'ਤੇ ਮੈਚ ਫੀਸ ਦਾ 15 ਫੀਸਦੀ ਜੁਰਮਾਨਾ ਲਗਾਇਆ ਗਿਆ ਹੈ। ਜੁਰਮਾਨੇ ਤੋਂ ਇਲਾਵਾ, ਤਨਜ਼ੀਮ ਦੇ ਅਨੁਸ਼ਾਸਨੀ ਰਿਕਾਰਡ ਵਿੱਚ ਇੱਕ ਡੀਮੈਰਿਟ ਪੁਆਇੰਟ ਵੀ ਜੋੜਿਆ ਗਿਆ ਸੀ, ਜਿਸ ਲਈ 24 ਮਹੀਨਿਆਂ ਦੀ ਮਿਆਦ ਵਿੱਚ ਇਹ ਪਹਿਲਾ ਅਪਰਾਧ ਸੀ।

ਆਈਸੀਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਤਨਜ਼ੀਮ ਨੇ ਖਿਡਾਰੀਆਂ ਅਤੇ ਖਿਡਾਰੀ ਸਹਿਯੋਗੀ ਕਰਮਚਾਰੀਆਂ ਲਈ ਆਈਸੀਸੀ ਕੋਡ ਆਫ ਕੰਡਕਟ ਦੇ ਆਰਟੀਕਲ 2.12 ਦੀ ਉਲੰਘਣਾ ਕਰਦੇ ਪਾਇਆ ਗਿਆ, ਜੋ "ਖਿਡਾਰੀ, ਖਿਡਾਰੀ ਸਹਾਇਤਾ ਕਰਮਚਾਰੀਆਂ, ਅੰਪਾਇਰ, ਮੈਚ ਰੈਫਰੀ ਜਾਂ ਕਿਸੇ ਹੋਰ ਵਿਅਕਤੀ (ਅੰਤਰਰਾਸ਼ਟਰੀ ਮੈਚ ਦੌਰਾਨ ਦਰਸ਼ਕਾਂ ਸਮੇਤ) ਦੇ ਨਾਲ ਅਨੁਚਿਤ ਸਰੀਰਿਕ ਸੰਪਰਕ ਨਾਲ ਸਬੰਧਤ ਹੈ।

ਇਹ ਘਟਨਾ ਨੇਪਾਲ ਦੀ ਪਾਰੀ ਦੇ ਤੀਜੇ ਓਵਰ ਦੇ ਅੰਤ 'ਤੇ ਵਾਪਰੀ, ਜਦੋਂ ਤਨਜ਼ੀਮ ਹਮਲਾਵਰ ਢੰਗ ਨਾਲ ਨੇਪਾਲ ਦੇ ਕਪਤਾਨ ਰੋਹਿਤ ਪੌਡੇਲ ਵੱਲ ਗੇਂਦ ਸੁੱਟ ਕੇ ਅੱਗੇ ਵਧੇ ਅਤੇ ਅਣਉਚਿਤ ਤੌਰ 'ਤੇ ਸਰੀਰਕ ਸੰਪਰਕ ਕੀਤਾ। ਇਹ ਦੋਸ਼ ਮੈਦਾਨ ਦੇ ਅੰਪਾਇਰ ਅਹਿਸਾਨ ਰਜ਼ਾ ਅਤੇ ਸੈਮ ਨੋਗਾਜਸਕੀ ਦੇ ਨਾਲ-ਨਾਲ ਤੀਜੇ ਅੰਪਾਇਰ ਜੈਰਾਮਨ ਮਦਨਗੋਪਾਲ ਅਤੇ ਚੌਥੇ ਅੰਪਾਇਰ ਕੁਮਾਰ ਧਰਮਸੇਨਾ ਨੇ ਲਗਾਏ ਹਨ। ਤਨਜ਼ੀਮ ਨੇ ਜੁਰਮ ਕਬੂਲ ਕਰ ਲਿਆ ਹੈ, ਇਸ ਲਈ ਰਸਮੀ ਮੁਕੱਦਮੇ ਦੀ ਕੋਈ ਲੋੜ ਨਹੀਂ ਪਈ ਸੀ।




## ਅਜ਼ਮਤੁੱਲਾ ਓਮਰਜ਼ਈ ਨੇ ਇੱਕ ਓਵਰ ਵਿੱਚ ਦਿੱਤੀਆਂ 36 ਦੌੜਾਂ, ਇਹ ਦੋ ਖਿਡਾਰੀ ਸਨ ਲੁੱਟਣ ਵਾਲੇ

ਅਫਗਾਨਿਸਤਾਨ ਦਾ ਅਜ਼ਮਤੁੱਲਾ ਓਮਰਜ਼ਈ 18 ਜੂਨ 2024 ਦਾ ਦਿਨ ਕਦੇ ਨਹੀਂ ਭੁੱਲੇਗਾ। ਇਹ ਉਹ ਸਮਾਂ ਹੈ ਜਦੋਂ ਉਸ ਨੇ ਟੀ-20 ਇੰਟਰਨੈਸ਼ਨਲ 'ਚ ਸਭ ਤੋਂ ਖਰਾਬ ਰਿਕਾਰਡ ਦਰਜ ਕੀਤਾ ਸੀ। ਸੇਂਟ ਲੂਸੀਆ ਦੇ ਮੈਦਾਨ 'ਤੇ ਵੈਸਟਇੰਡੀਜ਼ ਖਿਲਾਫ ਗੇਂਦਬਾਜ਼ੀ ਕਰਨ ਆਏ ਓਮਰਜ਼ਈ ਨੇ ਆਪਣੇ ਇਕ ਹੀ ਓਵਰ 'ਚ 36 ਦੌੜਾਂ ਦਿੱਤੀਆਂ। ਓਮਰਜ਼ਈ ਇਸ ਦੌਰਾਨ ਦਿਸ਼ਾਹੀਣ ਰਹੇ ਜਿਸ ਕਾਰਨ ਉਸ ਦੀ ਹਰ ਗੇਂਦ 'ਤੇ ਦੌੜਾਂ ਬਣੀਆਂ। ਵਿੰਡੀਜ਼ ਦੇ ਨਿਕੋਲਸ ਪੂਰਨ ਅਤੇ ਜਾਨਸਨ ਚਾਰਲਸ ਨੇ 3 ਚੌਕੇ ਅਤੇ 3 ਛੱਕੇ ਲਗਾ ਕੇ ਇਹ ਉਪਲਬਧੀ ਹਾਸਲ ਕੀਤੀ। ਟੀ-20 ਇੰਟਰਨੈਸ਼ਨਲ 'ਚ ਹੁਣ ਤੱਕ ਸਿਰਫ 5 ਅਜਿਹੇ ਮੌਕੇ ਆਏ ਹਨ ਜਦੋਂ ਕਿਸੇ ਗੇਂਦਬਾਜ਼ ਨੇ ਇਕ ਓਵਰ 'ਚ 36 ਦੌੜਾਂ ਦਿੱਤੀਆਂ ਹਨ।

ਟੀ-20 ਵਿੱਚ ਇੱਕ ਓਵਰ ਵਿੱਚ ਸਭ ਤੋਂ ਵੱਧ ਦੌੜਾਂ

36 - ਯੁਵਰਾਜ ਸਿੰਘ (ਭਾਰਤ) ਬਨਾਮ ਸਟੂਅਰਟ ਬਰਾਡ (ਇੰਗਲੈਂਡ), ਡਰਬਨ, 2007
36 - ਕੀਰੋਨ ਪੋਲਾਰਡ (ਵੈਸਟ ਇੰਡੀਜ਼) ਬਨਾਮ ਅਕੀਲਾ ਧਨੰਜੇ (ਸ਼੍ਰੀਲੰਕਾ), ਕੂਲੀਜ, 2021
36 - ਰੋਹਿਤ ਸ਼ਰਮਾ ਅਤੇ ਰਿੰਕੂ ਸਿੰਘ (ਭਾਰਤ) ਬਨਾਮ ਕਰੀਮ ਜਨਤ (ਅਫਗਾਨਿਸਤਾਨ), ਬੈਂਗਲੁਰੂ, 2024
36 - ਦੀਪੇਂਦਰ ਸਿੰਘ ਐਰੀ (NEP) ਬਨਾਮ ਕਾਮਰਾਨ ਖਾਨ (ਕੁਵੈਤ), ਅਲ ਅਮੀਰਾਤ, 2024
36 - ਨਿਕੋਲਸ ਪੂਰਨ ਅਤੇ ਜੌਹਨਸਨ ਚਾਰਲਸ (ਡਬਲਯੂਆਈ) ਬਨਾਮ ਅਜ਼ਮਤੁੱਲਾ ਓਮਰਜ਼ਈ (ਏਐਫਜੀ), ਸੇਂਟ ਲੂਸੀਆ, 2024

## ਅਫਗਾਨਿਸਤਾਨ ਦੇ ਕੋਚ ਜੋਨਾਥਨ ਟ੍ਰਾਟ ਨੂੰ ਉਮੀਦ, ਭਾਰਤ ਖਿਲਾਫ ਕਿਫਾਇਤੀ ਗੇਂਦਬਾਜ਼ੀ ਕਰਨਗੇ ਗੇਂਦਬਾਜ਼




ਅਫਗਾਨਿਸਤਾਨ ਦੇ ਕੋਚ ਜੋਨਾਥਨ ਟ੍ਰਾਟ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਟੀ-20 ਵਿਸ਼ਵ ਕੱਪ ਦੇ ਸੁਪਰ ਅੱਠ ਦੇ ਆਪਣੇ ਮੁਕਾਬਲੇ 'ਚ ਭਾਰਤ ਦੇ ਖਿਲਾਫ ਆਪਣੇ ਮੈਚ ਵਿੱਚ ਦੋ ਓਵਰਾਂ ਵਿੱਚ 60 ਦੌੜਾਂ ਨਹੀਂ ਲੁਟਾਉਣ ਜਿਵੇਂ ਕਿ ਉਸ ਨੂੰ ਇੱਥੇ ਵੈਸਟਇੰਡੀਜ਼ ਦੇ ਖਿਲਾਫ 104 ਦੌੜਾਂ ਦੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਟੀਮ ਨੇ ਚੌਥੇ ਓਵਰ ਵਿੱਚ 36 ਦੌੜਾਂ ਦਿੱਤੀਆਂ ਜਦਕਿ 18ਵੇਂ ਓਵਰ ਵਿੱਚ 24 ਦੌੜਾਂ ਬਣਾਈਆਂ। ਵੈਸਟਇੰਡੀਜ਼ ਨੇ ਨਿਕੋਲਸ ਪੂਰਨ ਦੀਆਂ 53 ਗੇਂਦਾਂ 'ਚ 98 ਦੌੜਾਂ ਦੀ ਪਾਰੀ ਦੀ ਮਦਦ ਨਾਲ 20 ਓਵਰਾਂ 'ਚ ਪੰਜ ਵਿਕਟਾਂ 'ਤੇ 218 ਦੌੜਾਂ ਬਣਾਈਆਂ।

ਮੈਚ ਤੋਂ ਸਿੱਖਣ ਦੇ ਬਾਰੇ 'ਚ ਪੁੱਛੇ ਜਾਣ 'ਤੇ ਟ੍ਰੌਟ ਨੇ ਕਿਹਾ, ''ਜੇਕਰ ਅਸੀਂ ਓਵਰ ਦੀ ਸ਼ੁਰੂਆਤ ਚੰਗੀ ਨਹੀਂ ਕਰਦੇ ਤਾਂ ਸਾਨੂੰ ਉਸ ਓਵਰ ਨੂੰ ਜਲਦੀ ਖਤਮ ਕਰਨਾ ਹੋਵੇਗਾ। ਅੱਜ ਅਸੀਂ ਦੋ ਓਵਰਾਂ ਵਿੱਚ 60 ਦੌੜਾਂ ਦਿੱਤੀਆਂ ਅਤੇ ਇਸ ਨੇ ਮੈਚ ਦਾ ਰੁਖ ਕਾਫੀ ਹੱਦ ਤੱਕ ਬਦਲ ਦਿੱਤਾ ਅਤੇ ਹਾਂ, ਮੈਂ ਬੱਲੇਬਾਜ਼ੀ ਤੋਂ ਨਿਰਾਸ਼ ਹਾਂ ਕਿ ਅਸੀਂ ਟੀਚੇ ਦੇ ਨੇੜੇ ਨਹੀਂ ਪਹੁੰਚ ਸਕੇ। ਇਕ ਹੋਰ ਪਹਿਲੂ ਜਿਸ ਨੂੰ ਟੀਮ ਨੂੰ ਬਿਹਤਰ ਤਰੀਕੇ ਨਾਲ ਸਮਝਣ ਦੀ ਜ਼ਰੂਰਤ ਹੋਏਗੀ ਉਹ ਹੈ ਕਿ ਹਵਾ ਦੀ ਦਿਸ਼ਾ ਵਲ ਸ਼ਾਟ ਖੇਡਣਾ ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਡੇ ਸ਼ਾਟ ਬਾਊਂਡਰੀ ਤੋਂ ਬਾਹਰ ਡਿੱਗਣ।

ਟ੍ਰੌਟ ਨੇ ਕਿਹਾ, ''ਮੈਨੂੰ ਲੱਗਦਾ ਹੈ ਕਿ ਅਸੀਂ ਦੇਖਿਆ ਕਿ ਵੈਸਟਇੰਡੀਜ਼ ਦੇ ਖਿਡਾਰੀਆਂ ਨੇ ਹਵਾ ਦਾ ਚੰਗਾ ਇਸਤੇਮਾਲ ਕੀਤਾ। ਮੇਰਾ ਮਤਲਬ ਹੈ, ਹਵਾ ਲੰਮੀ, ਲੰਬੀ ਸੀਮਾ ਰੇਖਾ ਵੱਲ ਸੀ ਪਰ ਫਿਰ ਵੀ ਸ਼ਾਟ ਆਸਾਨੀ ਨਾਲ ਇਸ ਨੂੰ ਪਾਰ ਕਰ ਗਏ। ਮੈਨੂੰ ਲੱਗਦਾ ਹੈ ਕਿ ਸ਼ਾਇਦ ਅਸੀਂ ਥੋੜੀ ਬਿਹਤਰ ਗੇਂਦਬਾਜ਼ੀ ਕਰ ਸਕਦੇ ਸੀ ਅਤੇ ਉਨ੍ਹਾਂ ਨੂੰ ਦੂਜੇ ਪਾਸੇ ਤੋਂ ਹਿੱਟ ਕਰਨ ਲਈ ਮਜਬੂਰ ਕਰ ਸਕਦੇ ਸੀ।''

## ਮੰਧਾਨਾ ਦਾ ਭਾਰਤ ‘ਚ ਪਹਿਲਾ ਵਨਡੇ ਸੈਂਕੜਾ, 7000 ਅੰਤਰਰਾਸ਼ਟਰੀ ਦੌੜਾਂ ਬਣਾਉਣ ਵਾਲੀ ਦੂਜੀ ਭਾਰਤੀ ਮਹਿਲਾ ਬਣੀ




ਭਾਰਤੀ ਮਹਿਲਾ ਕ੍ਰਿਕਟ ਟੀਮਦੀ ਓਪਨਰ ਸਮ੍ਰਿਤੀ ਮੰਧਾਨਾ ਨੇ ਵਨਡੇ ਵਿਚ ਘਰੇਲੂ ਪਿਚ ‘ਤੇ ਆਪਣਾ ਪਹਿਲਾ ਸੈਂਕੜਾ ਬਣਾਇਆ। ਉਸ ਨੇ ਬੇਂਗਲੁਰੂ ਵਿਚ ਸਾਊਥ ਅਫਰੀਕੀ ਟੀਮ ਖਿਲਾਫ ਖੇਡੇ ਜਾ ਰਹੇ ਤਿੰਨ ਵਨਡੇ ਮੈਚਾਂ ਦੀ ਸੀਰੀਜ ਦੇ ਪਹਿਲੇ ਮੁਕਾਬਲੇ ਵਿਚ 127 ਗੇਂਦਾਂ ਵਿਚ 117 ਦੌੜਾਂ ਦੀ ਪਾਰੀ ਖੇਡੀ। ਮੰਧਾਨਾ ਦੀ ਪਾਰੀ ਦੀ ਬਦੌਲਤ ਭਾਰਤ ਨੇ 8 ਵਿਕਟਾਂ ਦੇ ਨੁਕਸਾਨ ‘ਤੇ 266 ਦੌੜਾਂ ਦਾ ਟਾਰਗੈੱਟ ਸਾਊਥ ਅਫਰੀਕੀ ਟੀਮ ਦੇ ਸਾਹਮਣੇ ਰੱਖਿਆ ਹੈ। ਮੰਧਾਨਾ ਨੇ 116 ਗੇਂਦਾਂ ‘ਤੇ ਆਪਣੇ ਕਰੀਅਰ ਦਾ 6ਵਾਂ ਵਨਡੇ ਸੈਂਕੜਾ ਪੂਰਾ ਕੀਤਾ। 117 ਦੌੜਾਂ ਦੀ ਪਾਰੀ ਵਿਚ ਸਮ੍ਰਿਤੀ ਨੇ 12 ਚੌਕੇ ਤੇ ਇਕ ਛੱਕਾ ਵੀ ਜੜਿਆ। ਮੰਧਾਨਾ ਦਾ ਇਹ ਸੈਂਕੜਾ ਦੋ ਸਾਲ ਬਾਅਦ ਆਇਆ ਹੈ। ਉਨ੍ਹਾਂ ਨੇ ਆਖਰੀ ਵਾਰ ਆਪਣਾ ਵਨਡੇ ਸੈਂਕੜਾ 2022 ਵਰਲਡ ਕੱਪ ਵਿਚ ਵੈਸਟਇੰਡੀਜ਼ ਖਿਲਾਫ ਜਮਾਇਆ ਸੀ। ਉਸ ਦੇ ਬਾਅਦ ਤੋਂ ਦੋ ਵਾਰ 90 ਦੇ ਪਾਰ ਪਹੁੰਚੀ ਪਰ ਸੈਂਕੜਾ ਨਹੀਂ ਲਗਾ ਸਕੀ ਸੀ।

ਸਮ੍ਰਿਤੀ ਨੇ ਆਪਣੀ ਇਸ ਸ਼ਾਨਦਾਰ ਪਾਰੀ ਦੀ ਬਦੌਲਤ ਇੰਟਰਨੈਸ਼ਨਲ ਕ੍ਰਿਕਟ ਵਿਚ 700 ਦੌੜਾਂ ਵੀ ਪੂਰੀਆਂ ਕਰ ਲਈਆਂ। ਉਹ ਅਜਿਹਾ ਕਰਨ ਵਾਲੀ ਦੂਜੀ ਭਾਰਤੀ ਮਹਿਲਾ ਕ੍ਰਿਕਟਰ ਬਣੀ। ਉਨ੍ਹਾਂ ਤੋਂ ਪਹਿਲਾਂ ਸਿਰਫ ਮਿਤਾਲੀ ਰਾਜ ਹੀ ਅਜਿਹਾ ਕਰ ਸਕੀ ਹੈ। ਮਹਿਲਾ ਕ੍ਰਿਕਟ ਵਿਚ ਸਮ੍ਰਿਤੀ ਤੋਂ ਪਹਿਲਾਂ 5 ਖਿਡਾਰੀ 7000 ਤੋਂ ਵੱਧ ਦੌੜਾਂ ਬਣਾ ਚੁੱਕੀ ਹੈ। ਮਿਤਾਲੀ ਦੇ ਸਭ ਤੋਂ ਵੱਧ 10868 ਦੌੜਾਂ ਹਨ। ਇਸ ਦੇ ਬਾਅਦ ਲਿਸਟ ਵਿਚ ਇੰਗਲੈਂਡ ਦੀ ਸ਼ਾਰਲੋਟ ਐਡਵਰਡਸ, ਨਿਊਜ਼ੀਲੈਂਡ ਦੀ ਸੂਜ਼ੀ ਬੇਟਸ, ਵੈਸਟਇੰਡੀਜ਼ ਦੀ ਸਟੈਫਨੀ ਟੇਲਰ ਅਤੇ ਆਸਟਰੇਲੀਆ ਦੀ ਮੇਗ ਲੈਨਿੰਗ ਦੇ ਨਾਂ ਸਾਹਮਣੇ ਆਉਂਦੇ ਹਨ।

ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਭਾਰਤੀ ਟੀਮ ਨੇ 8 ਵਿਕਟਾਂ ‘ਤੇ 265 ਦੌੜਾਂ ਬਣਾਈਆਂ। ਭਾਰਤੀ ਟੀਮ ਦੀ ਸ਼ੁਰੂਆਤ ਕਾਫੀ ਖਰਾਬ ਰਹੀ। ਓਪਨਰ ਸ਼ੇਫਾਲੀ ਵਰਮਾ 15 ਦੌੜਾਂ ਦੇ ਸਕੋਰ ‘ਤੇ ਪਵੇਲੀਅਨ ਪਰਤ ਗਈ। ਭਾਰਤ ਦੀ ਅੱਧੀ ਟੀਮ 99 ਦੌੜਾਂ ਦੇ ਸਕੋਰ ‘ਤੇ ਪਵੇਲੀਅਨ ਪਰਤ ਚੁੱਕੀਸੀ। ਇਸ ਦੇ ਬਾਅਦ ਸਮ੍ਰਿਤੀ ਮੰਧਾਨਾ ਨੇ ਦੀਪਤੀ ਸ਼ਰਮਾ ਦੇ ਨਾਲ ਟੀਮ ਦੀ ਪਾਰੀ ਨੂੰ ਸੰਭਾਲਿਆ। ਸਮ੍ਰਿਤੀ ਨੇ ਪਹਿਲਾਂ 61 ਗੇਂਦਾਂ ‘ਤੇ ਆਪਣਾ ਅਰਧ ਸੈਂਕੜਾ ਪੂਰਾ ਕੀਤਾ ਤੇ ਉਸ ਦੇ ਬਾਅਦ 117 ਦੌੜਾਂ ਬਣਾ ਕੇ ਭਾਰਤ ਦਾ ਸਕੋਰ 250 ਤੋਂ ਉਪਰ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।ਸਮ੍ਰਿਤੀ ਤੇ ਦੀਪਤੀ ਦੇ ਵਿਚ 92 ਗੇਂਦਾਂ ‘ਤੇ 81 ਦੌੜਾਂ ਦੀ ਸਾਂਝੇਦਾਰੀ ਹੋਈ। ਇਸ ਦੇ ਬਾਅਦ ਸਮ੍ਰਿਤੀ ਨੇ ਪੂਜਾ ਵਸਤਰਾਕਰ ਦੇ ਨਾਲ 54 ਗੇਂਦਾਂ ‘ਤੇ 58 ਦੌੜਾਂ ਜੋੜੀਆਂ। ਦੀਪਤੀ ਨੇ 48 ਗੇਂਦਾਂ ‘ਤੇ 3 ਜਦੋਂ ਕਿ ਪੂਜਾਨੇ 42 ਗੇਂਦਾਂ ‘ਤੇ 31 ਦੌੜਾਂ ਦੀ ਨਾਟਆਊਟ ਪਾਰੀ ਖੇਡੀ।



## ਟੀ-20 ਵਿਸ਼ਵ ਕੱਪ ਸੁਪਰ 8 ਮੈਚਾਂ ਤੋਂ ਪਹਿਲਾਂ ਬੋਲੇ ਰੋਹਿਤ, ਥੋੜ੍ਹਾ ਵਿਅਸਤ ਪ੍ਰੋਗਰਾਮ ਪਰ ਅਸੀਂ ਤਿਆਰ ਹਾਂ

ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਮੰਨਿਆ ਕਿ ਟੀ-20 ਵਿਸ਼ਵ ਕੱਪ ਦਾ ਸੁਪਰ ਅੱਠ ਪੜਾਅ 'ਥੋੜ੍ਹਾ ਰੁਝੇਵਿਆਂ ਵਾਲਾ' ਹੋਣ ਵਾਲਾ ਹੈ ਪਰ ਉਨ੍ਹਾਂ ਦੇ ਖਿਡਾਰੀ ਇਸ ਲਈ ਤਿਆਰ ਹਨ ਕਿਉਂਕਿ ਉਨ੍ਹਾਂ 'ਚ 'ਕੁਝ ਖਾਸ' ਕਰਨ ਦੀ 'ਅਸਲ ਉਤਸੁਕਤਾ' ਹੈ। ਭਾਰਤ ਆਪਣੀ ਸੁਪਰ ਅੱਠ ਮੁਹਿੰਮ ਦੀ ਸ਼ੁਰੂਆਤ 20 ਜੂਨ ਨੂੰ ਅਫਗਾਨਿਸਤਾਨ ਖਿਲਾਫ ਕਰੇਗਾ। ਟੀਮ ਫਿਰ ਬੰਗਲਾਦੇਸ਼ (22 ਜੂਨ ਨੂੰ ਐਂਟੀਗਾ) ਅਤੇ ਆਸਟ੍ਰੇਲੀਆ (24 ਜੂਨ ਨੂੰ ਸੇਂਟ ਲੂਸੀਆ) ਦੇ ਖਿਲਾਫ ਖੇਡੇਗੀ।

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਵਲੋਂ ਅਪਲੋਡ ਕੀਤੇ ਗਏ ਇਕ ਵੀਡੀਓ 'ਚ ਰੋਹਿਤ ਨੇ ਕਿਹਾ, 'ਪਹਿਲਾ ਮੈਚ ਖੇਡਣ ਤੋਂ ਬਾਅਦ ਅਸੀਂ ਅਗਲੇ ਦੋ ਮੈਚ ਤਿੰਨ ਜਾਂ ਚਾਰ ਦਿਨਾਂ ਦੇ ਅੰਤਰਾਲ 'ਤੇ ਖੇਡਾਂਗੇ।' 37 ਸਾਲਾ ਖਿਡਾਰੀ ਨੇ ਕਿਹਾ, 'ਇਹ ਥੋੜਾ ਮੁਸ਼ਕਲ ਹੋਣ ਵਾਲਾ ਹੈ ਪਰ ਅਸੀਂ ਇਨ੍ਹਾਂ ਸਭ ਚੀਜ਼ਾਂ ਦੇ ਆਦੀ ਹੋ ਚੁੱਕੇ ਹਾਂ। ਅਸੀਂ ਬਹੁਤ ਯਾਤਰਾ ਕਰਦੇ ਹਾਂ ਅਤੇ ਬਹੁਤ ਖੇਡਦੇ ਹਾਂ ਇਸ ਲਈ ਇਹ ਕਦੇ ਬਹਾਨਾ ਨਹੀਂ ਬਣਣ ਵਾਲਾ।

ਭਾਰਤੀ ਟੀਮ ਨੇ ਸੋਮਵਾਰ ਨੂੰ ਲੰਬੇ ਅਭਿਆਸ ਸੈਸ਼ਨ 'ਚ ਹਿੱਸਾ ਲਿਆ, ਜਿਸ 'ਚ ਵਿਰਾਟ ਕੋਹਲੀ ਅਤੇ ਰੋਹਿਤ ਵਰਗੇ ਸੀਨੀਅਰ ਖਿਡਾਰੀਆਂ ਨੇ ਨੈੱਟ 'ਤੇ ਆਮ ਨਾਲੋਂ ਜ਼ਿਆਦਾ ਸਮਾਂ ਬਿਤਾਇਆ। ਰੋਹਿਤ ਨੇ ਕਿਹਾ, 'ਟੀਮ 'ਚ ਕੁਝ ਖਾਸ ਕਰਨ ਲਈ ਕਾਫੀ ਉਤਸੁਕਤਾ ਹੈ। ਇਹ ਦੂਜਾ ਪੜਾਅ ਸ਼ੁਰੂ ਕਰਨ ਦਾ ਵਧੀਆ ਤਰੀਕਾ ਹੈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਹਰ ਕੋਈ ਇੱਕ ਫਰਕ ਲਿਆਉਣਾ ਚਾਹੁੰਦਾ ਹੈ ਅਤੇ ਅਸੀਂ ਆਪਣੇ ਹੁਨਰ ਸੈਸ਼ਨਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ।' ਉਨ੍ਹਾਂ ਨੇ ਕਿਹਾ ਕਿ “ਹਰ ਹੁਨਰ ਸੈਸ਼ਨ ਵਿੱਚ ਕੁਝ ਨਾ ਕੁਝ ਹਾਸਲ ਕਰਨਾ ਹੁੰਦਾ ਹੈ। ਆਯੋਜਕਾਂ ਦੁਆਰਾ ਵਰਤੀਆਂ ਗਈਆਂ ਡਰਾਪ-ਇਨ ਪਿੱਚਾਂ ਕਾਰਨ ਭਾਰਤੀ ਟੀਮ ਨੂੰ ਅਮਰੀਕੀ ਪੜਾਅ ਦੇ ਦੌਰਾਨ ਪ੍ਰਤੀਕੂਲ ਬੱਲੇਬਾਜ਼ੀ ਹਾਲਤਾਂ ਦਾ ਸਾਹਮਣਾ ਕਰਨਾ ਪਿਆ। ਰੋਹਿਤ ਨੇ ਕਿਹਾ ਕਿ ਕੈਰੇਬੀਆਈ ਪੜਾਅ ਆਪਣੇ ਨਾਲ ਹਾਲਾਤਾਂ ਤੋਂ ਜਾਣੂ ਹੋਣ ਦੀ ਭਾਵਨਾ ਲੈ ਕੇ ਆਉਂਦਾ ਹੈ ਅਤੇ ਉਨ੍ਹਾਂ ਦੀ ਟੀਮ ਇਸ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਨੇ ਕਿਹਾ, 'ਅਸੀਂ ਇੱਥੇ ਬਹੁਤ ਸਾਰੇ ਮੈਚ ਦੇਖੇ ਹਨ, ਅਸੀਂ ਇੱਥੇ ਬਹੁਤ ਸਾਰੇ ਮੈਚ ਖੇਡੇ ਹਨ। ਇਸ ਲਈ ਹਰ ਕੋਈ ਸਮਝਦਾ ਹੈ ਕਿ ਨਤੀਜੇ ਨੂੰ ਆਪਣੇ ਹੱਕ ਵਿੱਚ ਕਰਨ ਲਈ ਕੀ ਕਰਨਾ ਪਵੇਗਾ। ਭਾਰਤੀ ਟੀਮ ਨੇ ਲੀਗ ਗੇੜ ਵਿੱਚ ਆਇਰਲੈਂਡ, ਪਾਕਿਸਤਾਨ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਹਰਾਇਆ ਸੀ ਜਦੋਂ ਕਿ ਕੈਨੇਡਾ ਦੇ ਖਿਲਾਫ ਉਸਦਾ ਆਖ਼ਰੀ ਗਰੁੱਪ ਮੈਚ ਫਲੋਰੀਡਾ ਵਿੱਚ ਗਿੱਲੇ ਆਉਟਫੀਲਡ ਕਾਰਨ ਰੱਦ ਕਰ ਦਿੱਤਾ ਗਿਆ ਸੀ।



## ਅਮਿੱਟ ਪੈੜਾਂ ਛੱਡ ਗਿਆ ਗੋਲਡਨ ਪੈਲੇਸ ਫਰਿਜ਼ਨੋ ਵਿਖੇ ਹੋਇਆ ਅਤਿ ਮਿਆਰੀ ਪ੍ਰੋਗਰਾਮ

ਅਮਰੀਕਾ ਦੀ ਕੈਲੇਫੋਰਨੀਆ ਸਟੇਟ ਦਾ ਸ਼ਹਿਰ ਫਰਿਜ਼ਨੋ ਸਮਾਜਿਕ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਬਣ ਚੁਕਿਆ ਹੈ, ਜਿਥੇ ਹਰ ਵਰ੍ਹੇ ਵਿਸਾਖੀ, ਤੀਆਂ ਅਤੇ ਹੋਰ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਪੰਜਾਬੀਆਂ ਦੀ ਰੂਹ ਨੂੰ ਸਕੂਨ ਦੇਣ ਲਈ ਕੁਲਦੀਪ ਅਤੇ ਗੈਰੀ ਦੀ ਜੋੜੀ ਨੇ ਫਰਿਜ਼ਨੋ ਵਿਖੇ ਬਹੁਤ ਹੀ ਖੂਬਸੂਰਤ ਗੋਲਡਨ ਪੈਲੇਸ ਬਣਾਇਆ ਹੋਇਆ ਹੈ, ਜਿਥੇ ਵੱਡੇ-ਵੱਡੇ ਪ੍ਰੋਗਰਾਮ, ਵਿਆਹ-ਸ਼ਾਦੀ, ਰਿਸੈਪਸ਼ਨ ਆਦਿ ਹੁੰਦੇ ਰਹਿੰਦੇ ਹਨ, ਜੋ ਕਿ ਪੰਜਾਬੀਆਂ ਦੀ ਸ਼ਾਨ ਦੇ ਸੂਚਕ ਹਨ। ਇਹ ਹਾਲ ਪੰਜਾਬੀਆਂ ਦੀ ਪਹਿਲੀ ਪਸੰਦ ਹੈ। ਜਿਥੇ ਪੰਜਾਬੀ ਅਮਲੀ ਤੌਰ 'ਤੇ ਪੰਜਾਬੀਅਤ ਦੇ ਰੰਗ ਵਿਚ ਰੰਗੇ ਹੋਏ ਦਿਸਦੇ ਹਨ। ਕੁਲਦੀਪ ਅਤੇ ਗੈਰੀ ਦੀ ਜੋੜੀ ਨੇ ਇਹ ਮਹਿਸੂਸ ਕਰਦਿਆਂ ਕਿ ਪੰਜਾਬੀਆਂ ਦੀ ਅਗਲੀ ਪੀੜ੍ਹੀ ਪੰਜਾਬੀਅਤ ਦੇ ਰੰਗ ਵਿਚ ਰੰਗੀ ਰਹੇ, ਉਨ੍ਹਾਂ ਨੇ ਬਹੁਤ ਹੀ ਸ਼ਾਲਘਾਯੋਗ ਉਪਰਾਲਾ ਕਰਕੇ ਪੰਜਾਬੀ ਸਭਿਆਚਾਰ ਨੂੰ ਜਿਊਂਦੇ ਰੱਖਿਆ ਹੈ। ਉਨ੍ਹਾਂ ਦਾ ਹਰ ਯਤਨ ਹੁੰਦਾ ਹੈ ਕਿ ਇੱਥੇ ਪੰਜਾਬੀ ਪ੍ਰੋਗਰਾਮ ਹਮੇਸ਼ਾ ਹੁੰਦੇ ਰਹਿਣ। ਇਸ ਵਰ੍ਹੇ 16 ਜੂਨ ਉਦੋਂ ਯਾਦਗਾਰੀ ਹੋ ਨਿਬੜਿਆ ਜਦੋਂ ਇਸ ਹਾਲ ਵਿਚ ਸਵੇਰ 11.30 ਵਜੇ ਤੋਂ 7 ਵਜੇ ਤੱਕ ਤੀਆਂ ਅਤੇ ਬਰਾਈਡਲ ਐਕਸਪੋ 2024 ਪ੍ਰੋਗਰਾਮ ਪੂਰੀ ਸ਼ਾਨੋ-ਸ਼ੌਕਤ ਨਾਲ ਨੇਪਰੇ ਚੜ੍ਹਿਆ। ਇਹ ਪ੍ਰੋਗਰਾਮ ਸਿਰਫ਼ 'ਤੇ ਸਿਰਫ਼ ਬੱਚੀਆਂ ਅਤੇ ਬੀਬੀਆਂ ਭੈਣਾਂ ਲਈ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਨਵਕੀਰਤ ਕੌਰ ਚੀਮਾਂ ਅਤੇ ਪੁਸ਼ਪਿੰਦਰ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ।

ਇਸ ਪ੍ਰੋਗਰਾਮ ਲਈ ਐਂਟਰੀ ਮੁਫ਼ਤ ਸੀ। ਸਵੇਰੇ 10 ਵਜੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ। ਜਿਊਲਰੀ ਤੇ ਕੱਪੜਿਆਂ ਦੀਆਂ ਸਟਾਲਾਂ, ਡੈਕੋਰੇਸ਼ਨ ਸਟਾਲਾਂ ਅਤੇ ਖਾਣੇ ਦੀਆਂ ਸਟਾਲਾਂ ਬਿਲਕੁਲ ਸੈੱਟ ਸਨ। ਡੀ.ਜੇ. ਸੈੱਟ ਸੀ ਅਤੇ ਕੈਮਰੇ ਫੋਕਸ ਸਨ। 9.30 ਤੋਂ ਦਰਸ਼ਕ ਬੀਬੀਆਂ ਦੀ ਭੀੜ ਜੁੜਨੀ ਸ਼ੁਰੂ ਹੋ ਗਈ। ਦੁੱਧ ਸੋਡੇ ਦੀ ਛਬੀਲ ਅਤੇ ਠੰਡਾ ਛੱਕ ਕੇ ਬੀਬੀਆਂ ਹਾਲ ਵਿੱਚ ਦਾਖ਼ਲ ਹੁੰਦਿਆਂ ਹੀ ਅਸ਼-ਅਸ਼ ਕਰ ਉੱਠੀਆਂ। ਉਹ ਵਧੀਆ ਪ੍ਰਬੰਧ ਲਈ ਪ੍ਰਬੰਧਕਾਂ ਨੂੰ ਵਧਾਈ ਦੇ ਰਹੀਆਂ ਸਨ। ਕੁਲਦੀਪ ਕੌਰ ਨੇ ਜਦੋਂ ਅਦਬ ਸਹਿਤ 11.30 ਵਜੇ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਨੂੰ ਸਟੇਜ ਸੰਭਾਲਣ ਦਾ ਸੱਦਾ ਦਿੱਤਾ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਸਟੇਜ 'ਤੇ ਆਉਂਦਿਆਂ ਹੀ ਉਨ੍ਹਾਂ ਆਪਣੇ ਵੱਖਰੇ ਅੰਦਾਜ਼ ਵਿਚ ਸਭ ਨੂੰ ਜੀ ਆਇਆਂ ਕਿਹਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰੋਗਰਾਮ ਦੇ ਮੁਕਾਬਲਿਆਂ ਦੇ ਜੱਜਾਂ ਨੂੰ ਸਟੇਜ 'ਤੇ ਚੋਣਵੇਂ ਸ਼ਬਦਾਂ ਦੇ ਸੰਬੋਧਨ ਨਾਲ ਆਸ਼ਾ ਸ਼ਰਮਾ ਨੇ ਬੁਲਾਇਆ। ਡਾਕਟਰ ਮੋਨਿਕਾ ਚਾਹਲ ਵਾਇਸ ਪ੍ਰੈਜ਼ੀਡੈਂਟ ਕਲੋਵਿਸ ਕਮਿਊਨਿਟੀ ਕਾਲਜ, ਸ਼੍ਰੀਮਤੀ ਮਨਜੀਤ ਕੌਰ ਸੇਖੋ ਪ੍ਰਸਿੱਧ ਪੰਜਾਬੀ ਲੇਖਿਕਾ। ਜੋਤਨ ਗਿੱਲ ਪ੍ਰਸਿੱਧ ਬਿਜ਼ਨੈੱਸ ਵੋਮੇਨ, ਸ਼ਗਨ ਵੜੈਚ ਪ੍ਰਸਿੱਧ ਗਿੱਧਾ ਕੋਚ, ਜੋਤ ਰਣਜੀਤ ਸਿੰਗਰ ਨਵਪ੍ਰੀਤ ਗਿੱਲ, ਮਿਸ ਪੰਜਾਬਣ ਬੇਸਟ ਡਾਂਸਰ ਰਾਜ ਮਾਨ ਮਿਸਜ਼ ਪੰਜਾਬਣ 2019 ਜੱਜਾਂ ਵਜੋਂ ਸੁਸ਼ੋਵਤ ਹੋਏ। ਲਗਭਗ ਸੋ ਦੇ ਕਰੀਬ ਬਾਲ ਕਲਾਕਾਰਾਂ ਤੇ ਮੁਟਿਆਰਾਂ ਨੇ ਆਪਣੀ ਕਲਾਂ ਦੇ ਜੌਹਰ ਦਿਖਾਏ।

ਮੇਕ-ਅੱਪ, ਹੇਅਰ ਤੇ ਮਹਿੰਦੀ ਆਰਟਿਸਟ ਨੇ ਆਪਣੇ ਦੋ ਮੋਡਲ ਤਿਆਰ ਕਰਕੇ ਨਾਮਣਾ ਖੱਟਿਆ। ਰਮਨੀਤ ਕੌਰ, ਰਾਜਵਿੰਦਰ ਕੌਰ, ਡਾ: ਪ੍ਰਬਜੋਤ ਕੌਰ, ਪ੍ਰਭਜੋਤ ਕੌਰ ਤੇ ਸੰਦੀਪ ਗਿੱਲ ਦੇ ਨਾਮ ਜ਼ਿਕਰਯੋਗ ਹਨ। ਜੀ.ਐਚ.ਜੀ, ਦੀਆਂ ਮੁਟਿਆਰਾਂ ਨੇ ਗਿੱਧੇ ਦਾ ਪਿੜ ਬੰਨ੍ਹਿਆ। ਓਲਡ ਸਕੂਲ ਭੰਗੜਾ ਦੀ ਪੇਸ਼ਕਾਰੀ ਕਮਾਲ ਸੀ ਤੇ ਸੈਂਟਰਲ ਵਿਲੇ ਭੰਗੜਾ ਵਾਲਿਆਂ ਨੇ ਖੂਬ ਵਾਹ-ਵਾਹ ਖੱਟੀ। ਮਾਣਮੱਤੀਆਂ ਮਜਾਜਣਾਂ ਨੇ ਜਿਵੇਂ ਸਭ ਦਾ ਮਨ ਹੀ ਮੋਹ ਲਿਆ। ਸੰਗੀਤ ਮੁਕਾਬਲੇ ਵਿਚ ਰੂਬੀ ਰੈਡ ਅਤੇ ਰਮਨਦੀਪ ਗਿੱਲ ਨੇ ਕਮਾਲ ਦਾ ਰੰਗ ਬੰਨ੍ਹਿਆ। ਡੁਏਟ ਡਾਂਸ ਵਿੱਚ ਅੰਮ੍ਰਿਤ ਕੈਂਥ ਤੇ ਸਿਮਰਨ ਕੈਂਥ ਦੀ ਜੋੜੀ ਤੇ ਅਰੀਤ ਧਾਲੀਵਾਲ ਤੇ ਰੂਹਾਨੀ ਬਰਾੜ ਦੀ ਜੋੜੀ ਨੇ ਜੱਜਾਂ ਦੀ ਵੀ ਖੂਬ ਵਾਹ-ਵਾਹ ਖੱਟੀ। ਸੋਲੋ ਡਾਂਸ ਵਿੱਚ ਪ੍ਰੀਤ ਚੱਗਰ, ਸਰੀਨ ਸਿੱਧੂ, ਭਵਲੀਨ ਗਿੱਲ, ਐਸਲੀਨ ਜੌਹਲ, ਰਮਨੀਤ ਸੈਣੀ, ਨਮਰ ਚੀਮਾ ਤੇ ਕੋਮਲ ਢਿਲੋਂ ਨੇ ਕਮਾਲਾਂ ਕੀਤੀਆਂ। ਮਹਿੰਦੀ ਲਈ 'ਕਰਮਜੀਤ ਕੌਰ' ਨੇ ਤਾਂ ਸਭ ਦਾ ਮਨ ਹੀ ਮੋਹ ਲਿਆ। ਸਭ ਤੋਂ ਦਿਲਕਸ਼ ਮੁਕਾਬਲੇ ਸਨ ਆਟੇ ਦੇ ਪੇੜੇ ਬਣਾਉਣ ਦੇ, ਲਸਣ ਛਿੱਲਣ ਦੇ, ਬਟਨ ਲਗਾਉਣ ਦੇ । ਇਹਨਾ ਮੁਕਾਬਲਿਆਂ ਵਿੱਚ ਸਭ ਦਾ ਉਤਸ਼ਾਹ ਵੇਖਣ ਵਾਲਾ ਸੀ। ਸ਼ੌਕਣ ਮੁਟਿਆਰਾਂ ਦਾ ਕੀ ਕਹਿਣਾ ਸਨਮਾਨ ਕਮਲ ਬੀ ਨੂੰ ਦਿੱਤਾ ਗਿਆ। ਗੋਲਡਨ ਪੈਲੇਸ ਦੀ ਕੁਲਦੀਪ ਅਤੇ ਗੈਰੀ ਸਿੰਘ ਨੇ ਇਕ ਸੋ ਦੇ ਕਰੀਬ ਕਲਾਕਾਰਾਂ ਨੂੰ ਬਹੁਤ ਹੀ ਸੋਹਣੀਆਂ ਟ੍ਰਾਫੀਆਂ ਤੇ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਅਤੇ ਜੱਜਾਂ ਦਾ ਮਾਨ ਸਨਮਾਨ ਵੀ ਕੀਤਾ ਗਿਆ। ਪ੍ਰੋਗਰਾਮ ਵਿੱਚ ਦਿੱਤੀਆਂ ਟ੍ਰਾਫੀਆਂ ਬਹੁਤ ਹੀ ਖੂਬਸੂਰਤ ਸਨ, ਇਵੇਂ ਜਿਵੇਂ ਕੋਈ ਬਹੁਤ ਵੱਡੇ ਐਵਾਰਡ ਪ੍ਰੋਗਰਾਮਾਂ ਵਿੱਚ ਦਿੱਤੀਆਂ ਜਾਂਦੀਆਂ ਹਨ। ਠੀਕ ਤਿੰਨ ਵਜੇ ਤੋਂ ਸ਼ਾਮ ਦੇ ਸੱਤ ਵਜੇ ਤੱਕ ਡੀ.ਜੇ. ਬਲਦੇਵ, ਡੀ.ਜੇ. ਗੋਲਡੀ, ਡੀ. ਜੇ. ਗਿੱਲ, ਡੀਜੇ ਰਣਦੀਪ ਨੇ ਸੇਵਾ ਨਿਭਾਈ। ਫੋਟੋ ਅਤੇ ਵੀਡੀਓ ਦੀ ਸੇਵਾ ਡੇ ਐਂਡ ਨਾਈਟ ਦੇ ਰਾਮਾ ਫੋਟੋ ਵੀਡੀਓ ਵਲੋਂ ਨਿਭਾਈ ਗਈ। ਫੋਟੋਗ੍ਰਾਫੀ ਅਤੇ ਵੀਡੀਓ ਲਈ ਪਰਮਜੀਤ ਮੌਂਦ ਤੇ ਰਮਨ ਭੱਟੀ ਨੂੰ ਵੀ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਮੌਕੇ ਮਨਜੀਤ ਕੌਰ ਸੇਖੋਂ ਦੀ ਪੁਸਤਕ 'ਵਿਆਹ ਰੀਤਾਂ ਦੀ ਅਮਰਵੇਲ ਬਦਲਦੇ ਰੂਪ' ਵੀ ਲੋਕ ਅਰਪਨ ਕੀਤੀ ਗਈ। ਕੁੱਲ ਮਿਲਾ ਕੇ ਇਹ ਪ੍ਰੋਗਰਾਮ ਆਪਣੀ ਹੀ ਕਿਸਮ ਦਾ ਬਹੁਤ ਹੀ ਮਿਆਰੀ ਪ੍ਰੋਗਰਾਮ ਸੀ ਜੋ ਫਰਿਜ਼ਨੋ ਦੇ ਸਭਿਆਚਾਰਕ ਮੰਚ 'ਤੇ ਗੋਲਡਨ ਪੈਲੇਸ ਵਿਖੇ ਨਵੇਂ ਕੀਰਤੀਮਾਨ ਸਿਰਜ ਗਿਆ।




## ਅਮਰੀਕਾ ਨੇ ਤਾਈਵਾਨ ਨੂੰ 30 ਕਰੋੜ ਅਮਰੀਕੀ ਡਾਲਰ ਦੇ ਨਵੇਂ ਹਥਿਆਰ ਵੇਚਣ ਨੂੰ ਦਿੱਤੀ ਮਨਜ਼ੂਰੀ

ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦੇ ਪ੍ਰਸ਼ਾਸਨ ਨੇ ਤਾਈਵਾਨ ਨੂੰ 30 ਕਰੋੜ ਅਮਰੀਕੀ ਡਾਲਰ ਦੇ ਨਵੇਂ ਹਥਿਆਰਾਂ ਦੀ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਨਾਲ ਉਹ ਸੈਂਕੜੇ ਹਥਿਆਰਬੰਦ ਡਰੋਨ, ਮਿਜ਼ਾਈਲ ਉਪਕਰਨ ਅਤੇ ਇਸ ਨਾਲ ਸਬੰਧਤ ਸਾਜ਼ੋ-ਸਾਮਾਨ ਤਾਈਵਾਨ ਨੂੰ ਭੇਜੇਗਾ। ਇਹ ਜਾਣਕਾਰੀ ਅਮਰੀਕੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਦਿੱਤੀ ਗਈ ਹੈ।

ਮੰਗਲਵਾਰ ਨੂੰ ਕੀਤਾ ਗਿਆ ਇਹ ਐਲਾਨ ਅਚਾਨਕ ਨਹੀਂ ਹੈ ਪਰ ਤਾਇਵਾਨ ਨੂੰ ਹਥਿਆਰਾਂ ਦੀ ਵਿਕਰੀ ਦੀ ਮਨਜ਼ੂਰੀ ਅਜਿਹੇ ਸਮੇਂ 'ਚ ਕਹੀ ਗਈ ਹੈ ਜਦੋਂ ਅਮਰੀਕਾ ਅਤੇ ਚੀਨ ਵਿਚਾਲੇ ਤਣਾਅ ਆਪਣੇ ਸਿਖਰ 'ਤੇ ਹੈ। ਚੀਨ ਤਾਈਵਾਨ ਨੂੰ ਆਪਣਾ ਹਿੱਸਾ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਜੇਕਰ ਤਾਈਵਾਨ ਨੂੰ ਕਾਬੂ ਕਰਨ ਲਈ ਤਾਕਤ ਦੀ ਵਰਤੋਂ ਕਰਨੀ ਪਵੇ ਤਾਂ ਵੀ ਉਹ ਇਸ ਤੋਂ ਪਿੱਛੇ ਨਹੀਂ ਹਟੇਗਾ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਜਿਨ੍ਹਾਂ ਹਥਿਆਰਾਂ ਦੀ ਵਿਕਰੀ ਨੂੰ ਮਨਜ਼ੂਰੀ ਦਿੱਤੀ ਹੈ ਉਸ ਵਿੱਚ 291 ਐਲਟੀਅਸ-600 ਐੱਮ ਪ੍ਰਣਾਲੀਆਂ ਸ਼ਾਮਲ ਹਨ, ਜੋ ਕਿ ਮਨੁੱਖ ਰਹਿਤ ਹਵਾਈ ਵਾਹਨ ਜਾਂ ਡਰੋਨ ਹਨ। ਇਨ੍ਹਾਂ ਹਥਿਆਰਾਂ ਵਿੱਚ 720 ਸਵਿੱਚਬਲੇਡ ਡਰੋਨ ਵੀ ਸ਼ਾਮਲ ਹਨ।

ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਵਿਕਰੀ "ਇਸਦੀਆਂ ਹਥਿਆਰਬੰਦ ਸੈਨਾਵਾਂ ਦੇ ਆਧੁਨਿਕੀਕਰਨ ਅਤੇ ਰੱਖਿਆਤਮਕ ਸਮਰੱਥਾਵਾਂ ਨੂੰ ਕਾਇਮ ਰੱਖਣ ਲਈ ਪ੍ਰਾਪਤਕਰਤਾ ਦੇ ਨਿਰੰਤਰ ਯਤਨਾਂ ਦਾ ਸਮਰਥਨ ਕਰਕੇ ਅਮਰੀਕਾ ਦੇ ਰਾਸ਼ਟਰੀ, ਆਰਥਿਕ ਅਤੇ ਸੁਰੱਖਿਆ ਹਿੱਤਾਂ ਦੀ ਸੇਵਾ ਕਰਦੀ ਹੈ।" ਬਿਆਨ ਦੇ ਅਨੁਸਾਰ, ਇਹ "ਪ੍ਰਾਪਤਕਰਤਾ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਖੇਤਰ ਵਿੱਚ ਰਾਜਨੀਤਿਕ ਸਥਿਰਤਾ, ਫੌਜੀ ਸੰਤੁਲਨ ਅਤੇ ਆਰਥਿਕ ਤਰੱਕੀ ਨੂੰ ਬਣਾਈ ਰੱਖਣ ਵਿੱਚ ਮਦਦ ਕਰੇਗੀ।"



## ਭਾਰਤੀ ਪੰਜਾਬੀਆਂ ਦਾ ਨਾਮ ਚਮਕਾ ਰਿਹੈ ਇਟਲੀ ਦਾ ਪਹਿਲਾ ਪੰਜਾਬੀ ਡਾਕਟਰ ਰਮਨਜੀਤ ਸਿੰਘ ਘੌਤੜਾ


ਇਟਲੀ ਦੇ ਪੰਜਾਬੀ ਭਾਰਤੀ ਨੌਜਵਾਨ ਲਗਾਤਾਰ ਕਾਮਯਾਬੀ ਦੇ ਨਵੇਂ ਮੁਕਾਮ ਹਾਸਲ ਕਰ ਰਹੇ ਹਨ। ਇਟਲੀ 'ਚ ਭਾਰਤੀ ਭਾਈਚਾਰੇ ਲਈ ਸੁਨਹਿਰੀ ਭੱਵਿਖ ਦੇ ਆਗਾਜ ਦਾ ਨਗਾਰਾ ਵਜਾ ਰਹੇ ਹਨ ਅਤੇ ਇਸ ਕਾਬਲੇ ਤਾਰੀਫ਼ ਕਾਰਵਾਈ ਵਿਚ ਡਾਕਟਰ ਰਮਨਜੀਤ ਸਿੰਘ ਘੌਤੜਾ ਦਾ ਨਾਮ ਵੀ ਜੁੜ ਗਿਆ ਹੈ। ਜਿਸ ਨੇ ਇਟਲੀ ਵਿਚ ਰਹਿ ਮੈਡੀਕਲ ਸਰਜਰੀ ਦੀ ਮਿਲਾਨ ਯੂਨੀਵਰਸਿਟੀ ਤੋਂ ਡਿਗਰੀ ਹਾਸਿਲ ਕੀਤੀ ਹੈ। ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਮੈਡੀਕਲ ਖੇਤਰ ਵਿਚ ਮਾਰੀ ਮੱਲ ਦਾ ਜ਼ਿਕਰ ਕਰਦਿਆਂ ਜਸਵੰਤ ਸਿੰਘ ਜੱਸੀ ਸੁਲਤਾਨੀਆ ਪਲਾਟ ਨੇ ਦੱਸਿਆ ਕਿ ਉਨ੍ਹਾਂ ਦੇ ਹੋਣਹਾਰ ਪੁੱਤਰ ਰਮਨਜੀਤ ਸਿੰਘ ਨੇ ਡਾਕਟਰ ਦੀ ਡਿਗਰੀ ਪ੍ਰਾਪਤ ਕਰਕੇ ਜਿਥੇ ਪਰਿਵਾਰ ਦਾ ਨਾਮ ਰੋਸ਼ਨ ਕੀਤਾ ਹੈ ਉਥੇ ਹੀ ਭਾਰਤੀ ਭਾਈਚਾਰੇ ਦਾ ਨਾਮ ਵੀ ਚਮਕਾਇਆ ਹੈ।ਡਾਕਟਰ ਰਮਨਜੀਤ ਸਿੰਘ ਘੌਤੜਾ ਹਾਲੇ ਹੋਰ ਮੈਡੀਕਲ ਪੜ੍ਹਾਈ ਕਰਨ ਜਾ ਰਹੇ ਹਨ। ਦੱਸਣਯੋਗ ਹੈ ਕਿ ਜਸਵੰਤ ਸਿੰਘ ਜੱਸੀ ਸੁਲਤਾਨੀਆ ਪਲਾਟ (ਚੀਕਾ- ਪਿਹੋਵਾ) ਵਾਲੇ ਜੋ ਕਿ ਪਿਛਲੇ 35 ਸਾਲ ਤੋਂ ਪਰਿਵਾਰ ਸਮੇਤ ਇਟਲੀ ਦੇ ਬਰੇਸ਼ੀਆ ਸ਼ਹਿਰ ਵਿਚ ਰਹਿ ਰਹੇ ਹਨ, ਉਨ੍ਹਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦਿੱਤਾ, ਜਿਸ ਦੇ ਨਤੀਜੇ ਵਜੋਂ ਅੱਜ ਉਨ੍ਹਾਂ ਦਾ ਪੁੱਤਰ ਰਮਨਜੀਤ ਸਿੰਘ ਡਾਕਟਰ ਦੀ ਡਿਗਰੀ ਪ੍ਰਾਪਤ ਕਰ ਗਿਆ ਹੈ। ਇਟਲੀ ਆਪਣੀਆਂ ਬਿਹਤਰ ਸਿਹਤ ਸਹੂਲਤਾਂ ਲਈ ਦੁਨੀਆ ਭਰ 'ਚ ਵਿਸ਼ੇਸ਼ ਸਥਾਨ ਰੱਖਦਾ ਹੈ ਅਤੇ ਇੱਥੋਂ ਦੇ ਕਾਬਿਲ ਡਾਕਟਰਾਂ ਦੀ ਦੁਨੀਆ ਭਰ 'ਚ ਮੰਗ ਹੈ। ਡਾਕਟਰ ਰਮਨਜੀਤ ਸਿੰਘ ਘੌਤੜਾ ਵੀ ਆਪਣੀ ਕਾਬਲੀਅਤ ਦੇ ਦਮ 'ਤੇ ਇਟਲੀ ਦੇ ਸਰਜਨ ਡਾਕਟਰਾਂ ਦੀ ਸੂਚੀ 'ਚ ਸ਼ਾਮਿਲ ਹੋਣ ਵਾਲਾ ਉਹ ਪਹਿਲਾ ਪੰਜਾਬੀ ਭਾਰਤੀ ਹੈ ਅਤੇ ਇਸ ਖੇਤਰ ਵਿਚ ਹੋਰ ਪਰਪੱਖ ਹੋਣ ਲਈ ਉਹ ਮਾਸਟਰ ਡਿਗਰੀ ਕਰਨ ਜਾ ਰਿਹਾ ਹੈ। ਉਸ ਦੀ ਇਸ ਕਾਮਯਾਬੀ ਲਈ ਸਮੁੱਚੇ ਭਾਰਤੀ ਭਾਈਚਾਰੇ ਵਲੋਂ ਪਰਿਵਾਰ ਨੂੰ ਵਧਾਈਆਂ ਦੇਣ ਦਾ ਤਾਂਤਾ ਲੱਗਾ ਹੋਇਆ ਹੈ। ਇਹ ਵਧਾਈਆਂ ਪਰਿਵਾਰ ਨੂੰ ਉਨ੍ਹਾਂ ਦੇ ਪਿੰਡ ਸੁਲਤਾਨੀਆ ਪਲਾਟ (ਚੀਕਾ) ਵਿਖੇ ਵੀ ਰਮਨਜੀਤ ਸਿੰਘ ਦੇ ਤਾਇਆ ਬਿੱਟੂ (ਅਵਤਾਰ ਸਵੀਟਸ ਚੀਕਾ) ਅਤੇ ਦਾਦੀ ਨੂੰ ਮਿਲ ਰਹੀਆਂ ਹਨ।

## ਮੰਗਾਫ ਅਗਨੀਕਾਂਡ ਪੀੜਤਾਂ ਦੇ ਪਰਿਵਾਰਾਂ ਨੂੰ 12.5 ਲੱਖ ਰੁਪਏ ਮੁਆਵਜ਼ਾ ਦੇਵੇਗੀ ਕੁਵੈਤ ਸਰਕਾਰ



ਕੁਵੈਤ ਦੀ ਸਰਕਾਰ ਦੱਖਣੀ ਅਹਿਮਦੀ ਗਵਰਨਰੇਟ 'ਚ ਪਿਛਲੇ ਦਿਨੀਂ ਲੱਗੀ ਅੱਗ ਵਿਚ ਮਾਰੇ ਗਏ 46 ਭਾਰਤੀਆਂ ਸਮੇਤ ਸਾਰੇ 50 ਲੋਕਾਂ ਦੇ ਪਰਿਵਾਰਾਂ ਨੂੰ 15-15 ਹਜ਼ਾਰ ਡਾਲਰ ਦਾ ਮੁਆਵਜ਼ਾ ਦੇਵੇਗੀ। ਇਹ ਦਾਅਵਾ ਇਕ ਖ਼ਬਰ ਵਿੱਚ ਕੀਤਾ ਗਿਆ ਹੈ। ਕੁਵੈਤ ਦੇ ਅਧਿਕਾਰੀਆਂ ਮੁਤਾਬਕ ਮੰਗਾਫ ਇਲਾਕੇ 'ਚ 12 ਜੂਨ ਨੂੰ 7 ਮੰਜ਼ਿਲਾ ਇਮਾਰਤ 'ਚ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ ਸੀ। ਇਮਾਰਤ 'ਚ 196 ਪ੍ਰਵਾਸੀ ਮਜ਼ਦੂਰ ਰਹਿ ਰਹੇ ਸਨ, ਜਿਨ੍ਹਾਂ 'ਚ ਜ਼ਿਆਦਾਤਰ ਭਾਰਤੀ ਸਨ। 'ਅਰਬ ਟਾਈਮਜ਼' ਅਖਬਾਰ 'ਚ ਮੰਗਲਵਾਰ ਨੂੰ ਛਪੀ ਖ਼ਬਰ ਮੁਤਾਬਕ ਕੁਵੈਤ ਦੇ ਅਮੀਰ ਸ਼ੇਖ ਮੇਸ਼ਾਲ ਅਲ-ਅਹਿਮਦ ਅਲ-ਜਾਬਰ ਅਲ-ਸਬਾਹ ਦੇ ਆਦੇਸ਼ 'ਤੇ 15 ਹਜ਼ਾਰ ਡਾਲਰ (12.5 ਲੱਖ ਰੁਪਏ) ਦੀ ਰਾਸ਼ੀ ਮੁਆਵਜ਼ੇ ਵਜੋਂ ਦਿੱਤੀ ਜਾਵੇਗੀ।ਸਰਕਾਰੀ ਸੂਤਰਾਂ ਦੇ ਹਵਾਲੇ ਤੋਂ ਲਿਖਿਆ ਕਿ ਸੰਬੰਧਤ ਦੂਤਘਰਾਂ ਨੂੰ ਇਹ ਰਾਸ਼ੀ ਪਹੁੰਚਾਈ ਜਾਵੇਗੀ। ਅਗਨੀਕਾਂਡ 'ਚ ਫਿਲੀਪੀਨ ਦੇ ਤਿੰਨ ਨਾਗਰਿਕ ਵੀ ਮਾਰੇ ਗਏ ਸਨ ਅਤੇ ਇਕ ਮ੍ਰਿਤਕ ਦੀ ਪਛਾਣ ਨਹੀਂ ਹੋਈ ਹੈ। ਖ਼ਬਰ 'ਚ ਕਿਹਾ ਗਿਆ ਹੈ ਕਿ ਸੰਬੰਧਤ ਦੂਤਘਰ ਮ੍ਰਿਤਕਾਂ ਦੇ ਪਰਿਵਾਰਾਂ ਤੱਕ ਰਾਸ਼ੀ ਪਹੁੰਚਾਉਣ ਦਾ ਕੰਮ ਕਰਨਗੇ। ਭਾਰਤ ਸਰਕਾਰ ਨੇ ਭਿਆਨਕ ਅਗਨੀਕਾਂਡ 'ਚ ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ। ਕੇਰਲ ਸਰਕਾਰ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਇਸ ਹਾਦਸੇ 'ਚ ਜਾਨ ਗੁਆਉਣ ਵਾਲੇ ਆਪਣੇ ਸੂਬੇ ਦੇ ਲੋਕਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਦੀ ਆਰਥਿਕ ਮਦਦ ਦੇਵੇਗੀ।

## ਭਿਆਨਕ ਗਰਮੀ ਨੇ ਤੋੜੇ ਸਾਰੇ ਰਿਕਾਰਡ, ਇਕ ਹਫ਼ਤੇ ਅੰਦਰ 550 ਹੱਜ ਯਾਤਰੀਆਂ ਦੀ ਹੋਈ ਮੌਤ



ਸਾਊਦੀ ਅਰਬ ਦੇ ਮੱਕਾ 'ਚ ਹੱਜ ਲਈ ਪਹੁੰਚੇ 550 ਯਾਤਰੀਆਂ ਦੀ ਮੌਤ ਹੋ ਗਈ। 12 ਜੂਨ ਤੋਂ 19 ਜੂਨ ਤੱਕ ਚੱਲਣ ਵਾਲੀ ਹੱਜ ਯਾਤਰਾ 'ਚ ਹੁਣ ਤੱਕ 550 ਤੀਰਥ ਯਾਤਰੀਆਂ ਦੀ ਮੌਤ ਹੋ ਚੁੱਕੀ ਹੈ। ਇਸ ਦਾ ਕਾਰਨ ਸਾਊਦੀ ਅਰਬ 'ਚ ਪੈ ਰਹੀ ਭਿਆਨਕ ਗਰਮੀ ਦੱਸੀ ਗਈ ਹੈ। ਦਿ ਗਾਰਜੀਅਨ ਦੀ ਰਿਪੋਰਟ ਅਨੁਸਾਰ, ਮਰਨ ਵਾਲਿਆਂ 'ਚ 323 ਨਾਗਰਿਕ ਮਿਸਰ ਦੇ ਅਤੇ 60 ਜਾਰਡਨ ਦੇ ਹਨ। ਇਸ ਤੋਂ ਇਲਾਵਾ ਇਰਾਨ, ਇੰਡੋਨੇਸ਼ੀਆ ਅਤੇ ਸੇਨੇਗਲ ਦੇ ਤੀਰਥ ਯਾਤਰੀਆਂ ਦੀ ਮੌਤ ਹੋਈ ਹੈ। ਸਾਊਦੀ ਦੇ 2 ਡਿਪਲੋਮੈਟਸ ਨੇ ਏਐੱਫਪੀ ਨੂੰ ਦੱਸਿਆ ਕਿ ਜ਼ਿਆਦਾਤਰ ਮੌਤਾਂ ਗਰਮੀ ਕਾਰਨ ਬੀਮਾਰ ਪੈਣ ਕਾਰਨ ਹੋਈਆਂ ਹਨ।

ਮਿਸਰ ਦੇ ਵਿਦੇਸ਼ ਮੰਤਰੀ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਸਾਊਦੀ ਦੇ ਅਧਿਕਾਰੀਆਂ ਨਾਲ ਮਿਲ ਕੇ ਲਾਪਤਾ ਲੋਕਾਂ ਨੂੰ ਲੱਭਣ ਲਈ ਆਪਰੇਸ਼ਨ ਚਲਾ ਰਹੇ ਹਨ। ਸਾਊਦੀ ਅਰਬ ਨੇ ਦੱਸਿਆ ਕਿ ਗਰਮੀ ਕਾਰਨ ਬੀਮਾਰ ਹੋਏ ਕਰੀਬ 2 ਹਜ਼ਾਰ ਤੀਰਥ ਯਾਤਰੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। 17 ਜੂਨ ਨੂੰ ਮੱਕਾ ਦੀ ਗ੍ਰੈਂਡ ਮਸਜਿਦ 'ਚ ਤਾਪਮਾਨ 51.8 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ। ਸਾਊਦੀ ਅਰਬ ਦੇ ਅਧਿਕਾਰੀਆਂ ਅਨੁਸਾਰ, ਮੱਕਾ 'ਚ ਜਲਵਾਯੂ ਪਰਿਵਰਤਨ ਦਾ ਡੂੰਘਾ ਅਸਰ ਹੋ ਰਿਹਾ ਹੈ। ਇੱਥੇ 10 ਸਾਲਾਂ 'ਚ ਔਸਤ ਤਾਪਮਾਨ 0.4 ਡਿਗਰੀ ਸੈਲਸੀਅਸ ਵੱਧ ਰਿਹਾ ਹੈ। ਪਿਛਲੇ ਸਾਲ ਹੱਜ 'ਤੇ ਗਏ 240 ਤੀਰਥ ਯਾਤਰੀਆਂ ਦੀ ਮੌਤ ਹਈ ਸੀ। ਇਨ੍ਹਾਂ 'ਚੋਂ ਜ਼ਿਆਦਾਤਰ ਇੰਡੋਨੇਸ਼ੀਆ ਦੇ ਸਨ। ਸਾਊਦੀ ਨੇ ਸਾਰੇ ਯਾਤਰੀਆਂ ਨੂੰ ਲਗਾਤਾਰ ਪਾਣੀ ਪੀਣ ਅਤੇ ਧੁੱਪ ਤੋਂ ਬਚਣ ਲਈ ਕਿਹਾ ਜਾ ਰਿਹਾ ਹੈ।

## ਟੋਰਾਂਟੋ 'ਚ ਚੱਲੀਆਂ ਤਾੜ-ਤਾੜ ਗੋਲੀਆਂ



ਸੋਮਵਾਰ ਦੀ ਦੁਪਹਿਰ ਨੂੰ ਇੱਕ ਦਫ਼ਤਰ ਦੀ ਇਮਾਰਤ ਦੀ ਲਾਬੀ 'ਚ ਹੋਈ ਗੋਲੀਬਾਰੀ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ । ਟੋਰਾਂਟੋ ਪੁਲਸ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਟੋਰਾਂਟੋ ਪੁਲਸ ਨੇ ਦੱਸਿਆ ਕਿ ਦੁਪਹਿਰ 3:30 ਵਜੇ ਤੋਂ ਠੀਕ ਪਹਿਲਾਂ ਡੌਨ ਮਿੱਲਜ਼ ਰੋਡ ਅਤੇ ਮੈਲਾਰਡ ਰੋਡ ਦੇ ਆਲੇ-ਦੁਆਲੇ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ।

ਪੁਲਸ ਨੇ ਸ਼ੁਰੂ ਵਿੱਚ ਕਿਹਾ ਕਿ ਤਿੰਨ ਲੋਕ ਜ਼ਖਮੀ ਹੋਏ ਸਨ ਬਾਅਦ ਵਿੱਚ, ਜਾਂਚਕਰਤਾਵਾਂ ਨੇ ਪੁਸ਼ਟੀ ਕੀਤੀ ਕਿ ਤਿੰਨ ਬਾਲਗ ਮਾਰੇ ਗਏ ਹਨ। ਕੈਨੇਡਾ ਦੇ ਉੱਤਰੀ ਟੋਰਾਂਟੋ ਦੇ ਇੱਕ ਦਫ਼ਤਰ ਵਿੱਚ ਇੱਕ ਆਦਮੀ ਅਤੇ ਇੱਕ ਔਰਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਮਲਾਵਰ ਹੋਣ ਦੇ ਸ਼ੱਕ ਵਾਲੇ ਵਿਅਕਤੀ ਦੀ ਵੀ ਮੌਤ ਹੋ ਗਈ ਹੈ। ਗੋਲੀਬਾਰੀ ਕਾਰਨ ਡੇ-ਕੇਅਰ ਸਹੂਲਤ ਅਤੇ ਕੈਥੋਲਿਕ ਆਲ-ਬੁਆਏ ਐਲੀਮੈਂਟਰੀ ਸਕੂਲ ਬੰਦ ਕਰ ਦਿੱਤੇ ਗਏ । ਇਸ ਤੋਂ ਬਾਅਦ ਮਾਪੇ ਆਪਣੇ ਬੱਚਿਆਂ ਨੂੰ ਲੈਣ ਸਕੂਲ ਪਹੁੰਚੇ। ਮਾਪਿਆਂ ਨੇ ਆਪਣੇ ਬੱਚਿਆਂ ਦੇ ਸੁਰੱਖਿਅਤ ਪਾਏ ਜਾਣ ਤੋਂ ਬਾਅਦ ਰਾਹਤ ਮਹਿਸੂਸ ਕੀਤੀ।

ਪੁਲਸ ਨੇ ਕਿਹਾ ਕਿ ਇਸਦੀ ਐਮਰਜੈਂਸੀ ਟਾਸਕ ਫੋਰਸ ਅਤੇ K9 ਯੂਨਿਟਾਂ ਦੇ ਮੈਂਬਰਾਂ ਨੇ ਡੇ-ਕੇਅਰ ਸਟਾਫ ਅਤੇ ਬੱਚਿਆਂ ਨੂੰ ਬਾਹਰ ਕੱਢਿਆ ਅਤੇ ਆਸਪਾਸ ਦੇ ਖੇਤਰ ਸਮੇਤ ਇਮਾਰਤ ਨੂੰ ਸਾਫ਼ ਕੀਤਾ। ਇਮਾਰਤ ਤੋਂ ਬਾਹਰ ਨਿਕਲਣ ਸਮੇਂ ਬਹੁਤ ਸਾਰੇ ਮਾਂ-ਪਿਓ ਭਾਵੁਕ ਦਿਖਾਈ ਦਿੱਤੇ ਅਤੇ ਕੁਝ ਬੱਚਿਆਂ ਨੂੰ ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਦੁਆਰਾ ਰੌਂਦੇ ਹੋਏ ਗਲੇ ਲਗਾਇਆ ਗਿਆ।

ਪੁਲਸ ਨੂੰ ਲੱਗਦਾ ਹੈ ਕਿ ਗੋਲੀਬਾਰੀ ਇੱਕ ਕਾਰੋਬਾਰ ਨੂੰ ਲੈ ਕੇ ਹੋਏ ਝਗੜੇ ਨਾਲ "ਸਬੰਧਤ" ਸੀ। ਇਸ ਇਮਾਰਤ ਦੇ ਅੰਦਰ ਹੋਰ ਵੀ ਬਹੁਤ ਸਾਰੇ ਕਾਰੋਬਾਰੀ ਦਫ਼ਤਰ ਸਨ ਪਰ ਜਿਸ ਦਫ਼ਤਰ ਵਿੱਚ ਗੋਲੀਆਂ ਚੱਲੀਆਂ ਸੀ ਉਹ ਵਿੱਤੀ ਲੈਣ-ਦੇਣ ਨਾਲ ਸਬੰਧਿਤ ਹੈ।

# ਵਾਲ-ਵਾਲ ਬਚੀ ਪ੍ਰਿਯੰਕਾ ਚੋਪੜਾ , ਗਰਦਨ 'ਤੇ ਲੱਗਾ ਭਿਆਨਕ ਕੱਟ




ਗਲੋਬਲ ਸਟਾਰ ਪ੍ਰਿਅੰਕਾ ਚੋਪੜਾ ਹਾਲੀਵੁੱਡ 'ਚ ਧੂਮ ਮਚਾ ਰਹੀ ਹੈ। ਇਕ ਤੋਂ ਬਾਅਦ ਇਕ ਕਈ ਸੀਰੀਜ਼ ਅਤੇ ਹਾਲੀਵੁੱਡ ਫਿਲਮਾਂ 'ਚ ਨਜ਼ਰ ਆ ਚੁੱਕੀ ਪ੍ਰਿਯੰਕਾ ਭਾਵੇਂ ਹੀ ਭਾਰਤ ਤੋਂ ਦੂਰ ਹੋਵੇ ਪਰ ਉਹ ਸੋਸ਼ਲ ਮੀਡੀਆ ਰਾਹੀਂ ਆਪਣੇ ਫੈਨਜ਼ ਨਾਲ ਜੁੜੀ ਰਹਿੰਦੀ ਹੈ। ਹਾਲ ਹੀ 'ਚ ਉਨ੍ਹਾਂ ਨੇ ਅਜਿਹੀ ਤਸਵੀਰ ਸ਼ੇਅਰ ਕੀਤੀ ਹੈ, ਜਿਸ ਨੂੰ ਦੇਖ ਕੇ ਫੈਨਜ਼ ਚਿੰਤਾ 'ਚ ਹਨ।

ਗਰਦਨ 'ਤੇ ਲੱਗਿਆ ਲੰਬਾ ਕੱਟ

ਦਰਅਸਲ, ਇਨ੍ਹੀਂ ਦਿਨੀਂ ਗਲੋਬਲ ਸਟਾਰ ਆਪਣੀ ਆਉਣ ਵਾਲੀ ਫਿਲਮ 'ਦ ਬਲੱਫ' ਦੀ ਸ਼ੂਟਿੰਗ 'ਚ ਰੁੱਝੀ ਹੋਈ ਹੈ ਅਤੇ ਉਸ ਨੇ ਇਸ ਆਉਣ ਵਾਲੀ ਫਿਲਮ ਦੀ ਸ਼ੂਟਿੰਗ ਦੀ ਇਕ ਤਸਵੀਰ ਸ਼ੇਅਰ ਕੀਤੀ ਹੈ। ਪ੍ਰਿਯੰਕਾ ਨੇ ਇੰਸਟਾ ਸਟੋਰੀ 'ਤੇ ਆਪਣੀ ਇਕ ਤਸਵੀਰ ਸ਼ੇਅਰ ਕੀਤੀ ਹੈ, ਜਿਸ 'ਚ ਉਸ ਦੀ ਗਰਦਨ 'ਤੇ ਡੂੰਘਾ ਲੰਬਾ ਕੱਟ ਦੇਖਿਆ ਜਾ ਸਕਦਾ ਹੈ, ਪ੍ਰਿਯੰਕਾ ਨੇ ਪੋਸਟ 'ਚ ਦੱਸਿਆ ਕਿ ਉਸ ਨੂੰ ਇਹ ਸੱਟ ਐਕਸ਼ਨ ਸੀਨ ਦੀ ਸ਼ੂਟਿੰਗ ਦੌਰਾਨ ਲੱਗੀ ਹੈ। ਇਸ ਤਸਵੀਰ ਦੇ ਸਾਹਮਣੇ ਆਉਣ ਤੋਂ ਬਾਅਦ 'ਦੇਸੀ ਗਰਲ' ਦੇ ਪ੍ਰਸ਼ੰਸਕ ਤਣਾਅ 'ਚ ਹਨ।

ਫੈਨਜ਼ ਨੇ ਕਿਹਾ- ਸਾਵਧਾਨ ਰਹੋ

ਪ੍ਰਿਅੰਕਾ ਚੋਪੜਾ ਦੀ ਇਹ ਤਸਵੀਰ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਤਸਵੀਰ ਨੂੰ ਦੇਖ ਕੇ ਫੈਨਜ਼ ਪ੍ਰਿਯੰਕਾ ਨੂੰ ਸਾਵਧਾਨ ਰਹਿਣ ਅਤੇ ਆਪਣਾ ਖਿਆਲ ਰੱਖਣ ਲਈ ਕਹਿ ਰਹੇ ਹਨ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪ੍ਰਿਯੰਕਾ ਕਿਸੇ ਫਿਲਮ ਦੀ ਸ਼ੂਟਿੰਗ ਦੌਰਾਨ ਜ਼ਖਮੀ ਹੋਈ ਹੋਵੇ, ਇਸ ਤੋਂ ਪਹਿਲਾਂ ਵੀ 'ਸੀਟਾਡੇਲ' ਦੀ ਸ਼ੂਟਿੰਗ ਦੌਰਾਨ ਜ਼ਖਮੀ ਹੋਈ ਸੀ।

# ਮਸ਼ਹੂਰ ਕਸ਼ਮੀਰ ਸਿੰਘ ਸੰਘਾ ਭਾਊ ਦੇ ਪੁੱਤ ਦਾ ਦਿਹਾਂਤ



ਅਕਾਲੀ ਦਲ ਪਾਰਟੀ ਦੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਕਰੀਬੀ ਕਸ਼ਮੀਰ ਸਿੰਘ ਸੰਘਾ ਭਾਊ ਦੇ ਘਰ ਮਾਤਮ ਛਾਇਆ ਹੋਇਆ ਹੈ। ਦਰਅਸਲ, ਕਸ਼ਮੀਰ ਸਿੰਘ ਸੰਘਾ ਦੇ ਪੁੱਤ ਦਾ ਹੋਇਆ ਦਿਹਾਂਤ ਹੋ ਗਿਆ ਹੈ। ਹਾਲ ਹੀ 'ਚ ਕਸ਼ਮੀਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਇੰਸਟਾਗ੍ਰਾਮ 'ਤੇ ਪੁੱਤ ਦੀ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ ਉਹ ਵਿਰਲਾਪ ਕਰਦੇ ਨਜ਼ਰ ਆ ਰਹੇ ਹਨ। ਵੀਡੀਓ 'ਚ ਪਤੀ-ਪਤਨੀ ਪੁੱਤ ਨੂੰ ਵੇਖ ਕੇ ਭੁੱਬਾਂ ਮਾਰ ਕੇ ਰੋਂਦੇ ਨਜ਼ਰ ਆ ਰਹੇ ਹਨ।

ਦੱਸਿਆ ਜਾ ਰਿਹਾ ਹੈ ਕਿ ਕਸ਼ਮੀਰ ਸਿੰਘ ਸੰਘਾ ਭਾਊ ਦਾ ਪੁੱਤ ਲੰਮੇ ਸਮੇਂ ਤੋਂ ਬੀਮਾਰ ਚੱਲ ਰਿਹਾ ਸੀ। ਕਸ਼ਮੀਰ ਸਿੰਘ ਸੰਘਾ ਭਾਊ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੇ ਹਨ। ਉਹ ਪੰਜਾਬੀ ਸੰਗੀਤ ਜਗਤ ਤੇ ਫ਼ਿਲਮ ਇੰਡਸਟਰੀ ਦੇ ਅਦਾਕਾਰ ਰਣਜੀਤ ਬਾਵਾ ਤੇ ਦਿਲਜੀਤ ਦੋਸਾਂਝ ਸਣੇ ਕਈ ਕਲਾਕਾਰਾਂ ਨਾਲ ਨਜ਼ਰ ਆ ਚੁੱਕੇ ਹਨ। ਉਨ੍ਹਾਂ ਦੇ ਕਾਮੇਡੀਅਨ ਅੰਦਾਜ਼ ਨੂੰ ਲੋਕਾਂ ਵੱਲੋਂ ਬਹੁਤ ਪਸੰਦ ਕੀਤਾ ਜਾਂਦਾ ਹੈ। ਇਹ ਖ਼ਬਰ ਸੁਣਨ ਤੋਂ ਬਾਅਦ ਲੋਕ ਕਸ਼ਮੀਰ ਸਿੰਘ ਸੰਘਾ ਭਾਊ ਨਾਲ ਦੁੱਖ ਜ਼ਾਹਰ ਕਰ ਰਹੇ ਹਨ।

# ਕਰੂ' ਦਾ ਗੀਤ 'ਨੈਨਾ' ਬਣਾਉਣ ਲਈ ਰੀਆ ਕਪੂਰ ਨੇ ਕੀਤਾ ਦਿਲਜੀਤ ਦੋਸਾਂਝ ਦਾ ਇਕ ਸਾਲ ਤੱਕ ਪਿੱਛਾ



ਅਨਿਲ ਕਪੂਰ ਦੀ ਪ੍ਰੋਡਕਸ਼ਨ ਵੈਂਚਰ 'ਕਰੂ' ਰਿਲੀਜ਼ ਹੋਣ ਤੋਂ ਬਾਅਦ ਤੋਂ ਹੀ ਹਲਚਲ ਮਚ ਰਹੀ ਹੈ। ਫਿਲਮ ਨੇ ਬਾਕਸ ਆਫਿਸ 'ਤੇ ਚੰਗਾ ਪ੍ਰਦਰਸ਼ਨ ਕੀਤਾ ਅਤੇ OTT 'ਤੇ ਵੀ ਆਪਣੀ ਜਿੱਤ ਦਾ ਸਿਲਸਿਲਾ ਜਾਰੀ ਰੱਖਿਆ। ਪਰ ਸਿਰਫ ਫਿਲਮ ਹੀ ਨਹੀਂ, ਇਸ ਦੇ ਗੀਤ ਵੀ ਬਹੁਤ ਮਸ਼ਹੂਰ ਹਨ, ਖਾਸ ਕਰਕੇ ਦਿਲਜੀਤ ਦੋਸਾਂਝ ਦੁਆਰਾ ਗਾਇਆ ਗੀਤ 'ਨੈਨਾ'। ਹੁਣ ਹਾਲ ਹੀ 'ਚ ਹੋਈ ਗੱਲਬਾਤ 'ਚ ਦਿਲਜੀਤ ਨੇ ਖੁਲਾਸਾ ਕੀਤਾ ਕਿ ਅਨਿਲ ਦੀ ਬੇਟੀ ਅਤੇ 'ਕਰੂ' ਦੀ ਨਿਰਮਾਤਾ ਰੀਆ ਕਪੂਰ ਨੇ 'ਕਰੂ' ਲਈ 'ਨੈਨਾ' ਗੀਤ ਬਣਾਉਣ ਲਈ ਇਕ ਸਾਲ ਤੱਕ ਉਸ ਦਾ ਪਿੱਛਾ ਕੀਤਾ।ਮੈਂ ਉਸ ਨੂੰ ਕਿਹਾ ਕਿ ਮੈਂ ਬਾਲੀਵੁੱਡ ਲਈ ਗੀਤ ਨਹੀਂ ਬਣਾ ਸਕਦਾ, ਮੈਨੂੰ ਨਹੀਂ ਪਤਾ ਕਿ ਇਹ ਕਿਵੇਂ ਕਰਨਾ ਹੈ, ਪਰ ਉਸਨੇ ਇੱਕ ਸਾਲ ਤੱਕ ਮੇਰਾ ਪਿੱਛਾ ਕੀਤਾ। ਉਸ ਸਮੇਂ ਮੈਂ ਇੱਕ ਐਲਬਮ 'ਤੇ ਕੰਮ ਕਰ ਰਿਹਾ ਸੀ ਅਤੇ ਉਹ ਹਰ 10 ਦਿਨਾਂ ਬਾਅਦ ਮੈਨੂੰ ਪੁੱਛਦੀ ਸੀ ਕਿ ਗੀਤ ਕਿੱਥੇ ਹੈ। ਉਸ ਨੇ ਮੇਰੇ ਰਾਹੀਂ ਉਸ ਗੀਤ ਨੂੰ ਕੰਪੋਜ਼ ਕੀਤਾ ਸੀ।'' ਕਰੀਨਾ ਕਪੂਰ ਖਾਨ, ਕ੍ਰਿਤੀ ਸੈਨਨ ਅਤੇ ਤੱਬੂ 'ਤੇ ਆਧਾਰਿਤ ਇਹ ਗੀਤ ਅੱਜ ਵੀ ਚਾਰਟ 'ਤੇ ਚੋਟੀ 'ਤੇ ਹੈ। ਯੂਟਿਊਬ 'ਤੇ, ਇਹ ਗੀਤ ਅਜੇ ਵੀ 91 ਮਿਲੀਅਨ ਤੋਂ ਵੱਧ ਵਿਊਜ਼ ਦੇ ਨਾਲ ਸਭ ਤੋਂ ਵੱਧ ਦੇਖੇ ਜਾਣ ਵਾਲੇ ਟਰੈਕਾਂ ਵਿੱਚੋਂ ਇੱਕ ਹੈ।ਕੰਮ ਦੀ ਗੱਲ ਕਰੀਏ ਤਾਂ ਰੀਆ ਕਪੂਰ ਆਪਣੀ ਅਗਲੀ ਫਿਲਮ ਦੀ ਤਿਆਰੀ ਕਰ ਰਹੀ ਹੈ, ਅਨਿਲ ਕਪੂਰ 'ਬਿੱਗ ਬੌਸ ਓਟੀਟੀ 3' ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ, ਜੋ 21 ਜੂਨ ਤੋਂ ਜੀਓ ਸਿਨੇਮਾ 'ਤੇ ਸਟ੍ਰੀਮਿੰਗ ਸ਼ੁਰੂ ਹੋਵੇਗੀ। ਅਦਾਕਾਰ ਨੇ ਆਪਣੇ ਅਗਲੇ ਸਿਰਲੇਖ 'ਸੂਬੇਦਾਰ' ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ ਅਤੇ YRF ਦੇ ਜਾਸੂਸੀ ਬ੍ਰਹਿਮੰਡ ਦਾ ਹਿੱਸਾ ਬਣਨ ਦੀ ਅਫਵਾਹ ਹੈ।

# ਕਰੂ' ਦਾ ਗੀਤ 'ਨੈਨਾ' ਬਣਾਉਣ ਲਈ ਰੀਆ ਕਪੂਰ ਨੇ ਕੀਤਾ ਦਿਲਜੀਤ ਦੋਸਾਂਝ ਦਾ ਇਕ ਸਾਲ ਤੱਕ ਪਿੱਛਾ



ਨੀਬ ਕਰੋਰੀ ਬਾਬਾ ਨੂੰ ਹਰ ਕੋਈ ਜਾਣਦਾ ਹੈ। ਬਾਬਾ ਦਾ ਵਿਸ਼ਾਲ ਆਸ਼ਰਮ ਕੈਂਚੀ ਧਾਮ ਉੱਤਰਾਖੰਡ ਦੇ ਨੈਨੀਤਾਲ ਜ਼ਿਲ੍ਹੇ ਵਿਚ ਭਵਾਲੀ ਅਲਮੋੜਾ ਮੋਟਰ ਰੋਡ ਦੇ ਕਿਨਾਰੇ ਸਥਿਤ ਹੈ। ਬਾਬਾ ਨੂੰ ਹਨੂੰਮਾਨ ਜੀ ਦਾ ਅਵਤਾਰ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਦੁਨੀਆ ਭਰ ਤੋਂ ਲੋਕ ਬਾਬਾ ਦਾ ਆਸ਼ੀਰਵਾਦ ਲੈਣ ਲਈ ਕੈਂਚੀ ਧਾਮ ਪਹੁੰਚਦੇ ਹਨ। ਹੁਣ ਤੱਕ ਕਈ ਮਸ਼ਹੂਰ ਹਸਤੀਆਂ ਵੀ ਬਾਬਾ ਦਾ ਆਸ਼ੀਰਵਾਦ ਲੈ ਚੁੱਕੀਆਂ ਹਨ। ਇਨ੍ਹਾਂ ‘ਚ ਫੇਸਬੁੱਕ ਦੇ ਸੰਸਥਾਪਕ ਮਾਰਕ ਜ਼ੁਕਰਬਰਗ, ਐਪਲ ਦੇ ਸੀ. ਈ. ਓ. ਸਟੀਵ ਜੌਬਸ, ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਵਿਰਾਟ ਕੋਹਲੀ ਸਮੇਤ ਕਈ ਮਸ਼ਹੂਰ ਹਸਤੀਆਂ ਸ਼ਾਮਲ ਹਨ।ਬਾਬਾ ਨੀਬ ਕਰੌਰੀ ਮਹਾਰਾਜ ਦੀ ਸ਼ਖਸੀਅਤ ਨੂੰ ਦੇਸ਼-ਵਿਦੇਸ਼ ਵਿਚ ਹੋਰ ਡੂੰਘਾਈ ਨਾਲ ਜਾਣੂ ਕਰਵਾਉਣ ਲਈ ਜਲਦ ਹੀ ਵੱਡੇ ਪਰਦੇ ‘ਤੇ ਬਾਇਓਪਿਕ ਦਿਖਾਈ ਜਾਵੇਗੀ। ਬਾਇਓਪਿਕ ‘ਚ ਬਾਬਾ ਦੀ ਜਨਮ ਭੂਮੀ ਤੋਂ ਲੈ ਕੇ ਉਨ੍ਹਾਂ ਦੇ ਜਨਮ, ਸਿੱਖਿਆ, ਵਿਆਹੁਤਾ ਜੀਵਨ ਤੋਂ ਲੈ ਕੇ ਬਾਬਾ ਸਿੱਧੀ ਪ੍ਰਾਪਤ ਕਰਨ ਤੱਕ ਦੀ ਕਹਾਣੀ ਦਿਖਾਈ ਜਾਵੇਗੀ। ਅਨੀਸ਼ਾ ਇੰਟਰਨੈਸ਼ਨਲ ਦੇ ਬੈਨਰ ਹੇਠ ਬਣ ਰਹੀ ਇਸ ਫ਼ਿਲਮ ਵਿਚ ਬਾਬੇ ਦੇ ਜੀਵਨ ਸਮੇਤ ਪੂਰੀ ਜਾਣਕਾਰੀ ਦਿੱਤੀ ਜਾਵੇਗੀ। ਕੈਂਚੀ ਧਾਮ ਪਹੁੰਚੇ ਫ਼ਿਲਮ ਨਿਰਦੇਸ਼ਕ ਸਿਧਾਰਥ ਠਾਕੁਰ ਨੇ ਦੱਸਿਆ ਕਿ ਫ਼ਿਲਮ ਦੀ ਸ਼ੂਟਿੰਗ ਨੈਨੀਤਾਲ ਦੇ ਕੈਂਚੀ ਧਾਮ, ਅਯੁੱਧਿਆ, ਮਥੁਰਾ, ਭੋਪਾਲ ਸਮੇਤ ਦੇਸ਼ ਭਰ ‘ਚ ਉਨ੍ਹਾਂ ਥਾਵਾਂ ‘ਤੇ ਕੀਤੀ ਜਾਵੇਗੀ, ਜਿਨ੍ਹਾਂ ਨਾਲ ਬਾਬਾ ਦਾ ਖ਼ਾਸ ਲਗਾਅ ਸੀ। ਫ਼ਿਲਮ ਦੀ ਸ਼ੂਟਿੰਗ ਇਸ ਮਹੀਨੇ ਤੋਂ ਸ਼ੁਰੂ ਹੋਵੇਗੀ ਅਤੇ ਫ਼ਿਲਮ ਬਾਬਾ ਨੀਮ ਕਰੋਲੀ ਮਹਾਰਾਜ ਦੇ ਜਨਮ ਦਿਨ ਦੇ ਮੌਕੇ ‘ਤੇ 1 ਦਸੰਬਰ ਤੋਂ ਜਨਵਰੀ ਤੱਕ ਰਿਲੀਜ਼ ਹੋਵੇਗੀ।

# Shama Sikander ਨੂੰ ਬਿਕਨੀ 'ਚ ਦੇਖ ਕੇ ਫੈਨਜ਼ ਦਾ ਧੜਕਿਆ ਦਿਲ, 42 ਸਾਲ ਦੀ ਉਮਰ 'ਚ ਵੀ ਹੈ ਹੌਟ


ਸ਼ਮਾ ਸਿਕੰਦਰ ਜਦੋਂ ਵੀ ਸੋਸ਼ਲ ਮੀਡੀਆ 'ਤੇ ਕੋਈ ਫੋਟੋ ਸ਼ੇਅਰ ਕਰਦੀ ਹੈ ਤਾਂ ਉਹ ਅੱਗ ਦੀ ਤਰ੍ਹਾਂ ਫੈਲ ਜਾਂਦੀਆਂ ਹਨ। ਜਿਸ ਤਰ੍ਹਾਂ ਉਸ ਨੇ 42 ਸਾਲ ਦੀ ਉਮਰ 'ਚ ਆਪਣੇ ਆਪ ਨੂੰ ਸੰਭਾਲਿਆ ਹੈ, ਉਹ ਵਾਕਈ ਸ਼ਲਾਘਾਯੋਗ ਹੈ। ਫੈਨਜ਼ ਵੀ ਸ਼ਮਾ ਦੀਆਂ ਫੋਟੋਆਂ ਦਾ ਇੰਤਜ਼ਾਰ ਕਰ ਰਹੇ ਹਨ। ਹਾਲ ਹੀ 'ਚ ਉਸ ਨੇ ਬਿਕਨੀ ਪਹਿਨੇ ਇੱਕ ਸੈਕਸੀ ਵੀਡੀਓ ਪੋਸਟ ਕੀਤਾ, ਜੋ ਪ੍ਰਸ਼ੰਸਕਾਂ ਨੂੰ ਕਾਫੀ ਪਸੰਦ ਆ ਰਿਹਾ ਹੈ।

ਤਸਵੀਰਾਂ ਦੇਖ ਕੇ ਪ੍ਰਸ਼ੰਸਕਾਂ ਦਿਲ ਬੈਠੇ ਹਾਰ

ਇਸ ਤੋਂ ਪਹਿਲਾਂ ਅਦਾਕਾਰਾ ਨੇ ਕਾਲੇ ਰੰਗ ਦੇ ਬਾਡੀਸੂਟ 'ਚ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਸਨ। ਇਨ੍ਹਾਂ ਤਸਵੀਰਾਂ 'ਚ ਪੂਲ ਦੇ ਕੋਲ ਖੜ੍ਹੀ ਅਦਾਕਾਰਾ ਕਾਫੀ ਹੌਟ ਲੱਗ ਰਹੀ ਸੀ। ਇਸ ਦੇ ਨਾਲ ਹੀ ਉਹ ਕਾਲੇ ਰੰਗ ਦੇ ਸਨਗਲਾਸ 'ਚ ਕੈਮਰੇ ਲਈ ਪੋਜ਼ ਦਿੰਦੀ ਨਜ਼ਰ ਆਈ। ਸ਼ਮਾ ਨੇ ਇਸ ਤਸਵੀਰ 'ਤੇ ਕੈਪਸ਼ਨ ਲਿਖਿਆ, 'ਛੁੱਟੀਆਂ ਲਈ ਤਿਆਰ?'

ਕਈ ਟੀਵੀ ਸ਼ੋਅਜ਼ 'ਚ ਕੀਤਾ ਕੰਮ ਕੀਤਾ

ਸ਼ਮਾ ਸਿਕੰਦਰ ਨੇ 'ਬਾਲ ਵੀਰ', 'ਯੇ ਮੇਰੀ ਲਾਈਫ ਹੈ' ਅਤੇ 'ਮਾਇਆ: ਸਲੇਵ ਆਫ ਹਰ ਡਿਜ਼ਾਇਰਸ' ਵਰਗੇ ਕਈ ਸ਼ੋਅਜ਼ 'ਚ ਕੰਮ ਕੀਤਾ ਹੈ। ਭਾਵੇਂ ਉਹ ਲੰਬੇ ਸਮੇਂ ਤੋਂ ਟੈਲੀਵਿਜ਼ਨ ਸਕ੍ਰੀਨ ਤੋਂ ਦੂਰ ਹੈ, ਪਰ ਉਹ ਅਕਸਰ ਆਪਣੇ ਸ਼ਾਨਦਾਰ ਫੈਸ਼ਨ ਸੈਂਸ ਕਾਰਨ ਆਪਣੇ ਪ੍ਰਸ਼ੰਸਕਾਂ 'ਚ ਹਰਮਨ ਪਿਆਰੀ ਰਹਿੰਦੀ ਹੈ।



ਇਸ ਸੀਰੀਅਲ ਤੋਂ ਮਿਲੀ ਪਛਾਣ


ਅਦਾਕਾਰਾ ਨੇ ਕਈ ਫਿਲਮਾਂ 'ਚ ਵੀ ਕੰਮ ਕੀਤਾ ਹੈ ਪਰ ਉਸ ਨੂੰ ਅਸਲੀ ਪਛਾਣ ਟੀ.ਵੀ. ਸ਼ੋਅ 'ਯੇ ਮੇਰੀ ਲਾਈਫ ਹੈ' ਤੋਂ ਮਿਲੀ। ਸ਼ਮਾ ਆਮਿਰ ਖਾਨ ਅਤੇ ਮਨੀਸ਼ਾ ਕੋਇਰਾਲਾ ਸਟਾਰਰ ਫਿਲਮ 'ਮਨ' 'ਚ ਵੀ ਨਜ਼ਰ ਆ ਚੁੱਕੀ ਹੈ। ਇਕ ਇੰਟਰਵਿਊ 'ਚ ਸ਼ਮਾ ਨੇ ਦੱਸਿਆ ਸੀ ਕਿ ਹੁਣ ਉਹ ਸਿਰਫ ਵੈੱਬ ਸੀਰੀਜ਼ ਅਤੇ ਫਿਲਮਾਂ 'ਚ ਕੰਮ ਕਰਨਾ ਚਾਹੁੰਦੀ ਹੈ। ਉਸ ਦਾ ਟੈਲੀਵਿਜ਼ਨ 'ਤੇ ਵਾਪਸੀ ਦਾ ਕੋਈ ਇਰਾਦਾ ਨਹੀਂ ਹੈ। ਉਸ ਨੇ ਖੁਲਾਸਾ ਕੀਤਾ ਕਿ ਉਸ ਨੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਟੀ.ਵੀ .ਸ਼ੋਅ ਨਹੀਂ ਦੇਖਿਆ ਹੈ ਅਤੇ ਹੁਣ ਮੈਂ ਆਪਣਾ ਧਿਆਨ ਸਿਰਫ ਵੈੱਬ ਸੀਰੀਜ਼ ਅਤੇ ਫੀਚਰ ਫਿਲਮਾਂ 'ਤੇ ਕੇਂਦਰਿਤ ਕਰ ਰਹੀ ਹਾਂ।

# ਅਦਾਕਾਰਾ ਆਥੀਆ ਸ਼ੈੱਟੀ-ਕੇ. ਐੱਲ ਰਾਹੁਲ ਦੇ ਵਿਆਹ ਦੀ ਵਰ੍ਹੇਗੰਢ ਦੀਆਂ ਤਸਵੀਰਾਂ ਆਈਆਂ ਸਾਹਮਣੇ



ਅਦਾਕਾਰਾ ਆਥੀਆ ਸ਼ੈੱਟੀ ਨੇ ਪਿਛਲੇ ਸਾਲ ਜਨਵਰੀ 'ਚ ਖੰਡਾਲਾ ਫਾਰਮ ਹਾਊਸ 'ਚ ਕ੍ਰਿਕਟਰ ਕੇ.ਐੱਲ. ਰਾਹੁਲ ਨਾਲ ਸੱਤ ਫੇਰੇ ਲਏ ਹਨ। ਇਸ ਜੋੜੇ ਦੇ ਵਿਆਹ ਨੂੰ ਲਗਭਗ ਡੇਢ ਸਾਲ ਬੀਤ ਚੁੱਕਿਆ ਹੈ ਅਤੇ ਹੁਣ ਇਨ੍ਹਾਂ ਦੇ ਵਿਆਹ ਦੀ ਪਹਿਲੀ ਵਰ੍ਹੇਗੰਢ ਦੀਆਂ ਸ਼ਾਨਦਾਰ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਜੋੜੇ ਨੇ ਮੁੰਬਈ ਦੇ ਇੱਕ ਰੈਸਟੋਰੈਂਟ 'ਚ ਆਪਣੀ ਵਰ੍ਹੇਗੰਢ ਮਨਾਈ ਸੀ। ਅਦਾਕਾਰਾ ਆਥੀਆ ਸ਼ੈੱਟੀ ਅਤੇ ਕ੍ਰਿਕਟਰ ਕੇ.ਐੱਲ ਰਾਹੁਲ ਬਾਲੀਵੁੱਡ ਦੇ ਸਭ ਤੋਂ ਪਿਆਰੇ ਜੋੜਿਆਂ ਵਿੱਚੋਂ ਇੱਕ ਹਨ। ਇਸ ਜੋੜੇ ਨੇ ਆਪਣੀ ਪਹਿਲੀ ਵਿਆਹ ਦੀ ਵਰ੍ਹੇਗੰਢ 'ਤੇ ਸੋਸ਼ਲ ਮੀਡੀਆ ਰਾਹੀਂ ਇਕ-ਦੂਜੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਸਨ, ਪਰ ਜਸ਼ਨ ਦੀ ਕੋਈ ਫੋਟੋ ਸਾਂਝੀ ਨਹੀਂ ਕੀਤੀ। ਹੁਣ ਪੰਜ ਮਹੀਨਿਆਂ ਬਾਅਦ ਰੋਮਾਂਟਿਕ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੂੰ ਮੁੰਬਈ ਦੇ ਇਕ ਰੈਸਟੋਰੈਂਟ ਨੇ ਆਪਣੇ ਇੰਸਟਾਗ੍ਰਾਮ ਪੇਜ 'ਤੇ ਸ਼ੇਅਰ ਕੀਤਾ ਹੈ। ਇਸ ਫੋਟੋ 'ਚ ਸ਼ੈੱਫ ਮੇਜ਼ ਨੂੰ ਸਜਾਉਂਦੇ ਹੋਏ ਨਜ਼ਰ ਆ ਰਹੇ ਹਨ।ਆਥੀਆ ਅਤੇ ਕੇ.ਐੱਲ ਰਾਹੁਲ ਨੇ ਆਪਣੇ ਵਿਆਹ ਦੇ ਦਿਨ ਨੂੰ ਖਾਸ ਬਣਾਉਣ ਲਈ ਲਾਈਟ ਡਿਨਰ ਦਾ ਆਯੋਜਨ ਕੀਤਾ ਸੀ। ਤਸਵੀਰਾਂ 'ਚ ਦੋਵਾਂ ਨੂੰ ਸ਼ੈੱਫ ਅਤੇ ਟੀਮ ਨਾਲ ਪੋਜ਼ ਦਿੰਦੇ ਦੇਖਿਆ ਜਾ ਸਕਦਾ ਹੈ।ਰਾਹੁਲ ਅਤੇ ਆਥੀਆ ਦੀ ਡਿਨਰ ਡੇਟ ਪੂਰੀ ਤਰ੍ਹਾਂ ਨਾਲ ਵਾਈਟ ਥੀਮ 'ਤੇ ਸੀ, ਜੋ ਇਸ ਫੋਟੋ 'ਚ ਸਾਫ ਨਜ਼ਰ ਆ ਰਹੀ ਹੈ।ਚਿੱਟੀ ਰੌਸ਼ਨੀ, ਚਿੱਟੇ ਮੇਜ਼, ਮੋਮਬੱਤੀਆਂ ਅਤੇ ਫੁੱਲਾਂ ਸਮੇਤ ਹਰ ਚੀਜ਼ ਨੂੰ ਸਫੈਦ ਰੱਖਿਆ ਗਿਆ ਸੀ। ਇਸ ਜੋੜੇ ਦੀ ਲਵ ਸਟੋਰੀ ਦੀ ਗੱਲ ਕਰੀਏ ਤਾਂ ਦੋਹਾਂ ਦੀ ਮੁਲਾਕਾਤ ਇਕ ਕਾਮਨ ਫ੍ਰੈਂਡ ਰਾਹੀਂ ਹੋਈ ਸੀ, ਜਿਸ ਤੋਂ ਬਾਅਦ ਦੋਹਾਂ ਨੇ ਕਰੀਬ 4 ਸਾਲ ਇਕ-ਦੂਜੇ ਨੂੰ ਡੇਟ ਕੀਤਾ ਅਤੇ ਫਿਰ ਵਿਆਹ ਕਰ ਲਿਆ।

# ਗਾਇਕ ਸ਼ਿਵਜੋਤ ਨੇ ਸਰੀ 'ਚ ਲਾਈਆਂ ਰੌਣਕਾਂ




ਪੰਜਾਬੀਆਂ ਦੀ ਸੰਘਣੀ ਵੱਸੋ ਵਾਲੇ ਸਰੀ ਸ਼ਹਿਰ ਦੀ 132 ਸਟਰੀਟ ’ਤੇ ਸਥਿਤ ਤਾਜ ਪਾਰਕ ਹਾਲ ’ਚ ਬੀਤੇ ਦਿਨ ਐਸ.3 ਮਿਊਜ਼ਿਕ ਪ੍ਰੋਡਕਸ਼ਨ ਦੇ ਸਹਿਯੋਗ ਨਾਲ ‘ਮੇਲਾ ਤੀਆ ਦਾ’ ਆਯੋਜਿਤ ਕਰਵਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ’ਚ ਪੰਜਾਬੀ ਮੁਟਿਆਰਾਂ ਸਮੇਤ ਹਰੇਕ ਵਰਗ ਦੀ ਉਮਰ ਦੀਆਂ ਪੰਜਾਬੀ ਔਰਤਾਂ ਨੇ ਬੜੇ ਉਤਸ਼ਾਹ ਨਾਲ ਸ਼ਿਰਕਤ ਕਰਕੇ ਮੇਲੇ ਦਾ ਆਨੰਦ ਮਾਣਿਆ। ਬਾਅਦ ਦੁਪਹਿਰ 3 ਵਜੇ ਤੋਂ ਰਾਤ 9 ਵਜੇ ਤੀਕ ਨਿਰੰਤਰ ਚੱਲੇ ਇਸ ਮੇਲੇ ’ਚ ਆਯੋਜਿਤ ਰੰਗਾਰੰਗ ਪ੍ਰੋਗਰਾਮ ਦੌਰਾਨ ਉੱਘੇ ਗਾਇਕ ਸ਼ਿਵਜੋਤ, ਸੰਦੀਪ ਬਰਾੜ, ਮਨਜੋਤ ਢਿੱਲੋ ਅਤੇ ਨੇਹਾ ਬਤਰਾ ਵੱਲੋਂ ਪੇਸ਼ ਕੀਤੇ ਆਪਣੇ ਚੋਣਵੇਂ ਗੀਤਾਂ ’ਤੇ ਸੈਂਕੜਿਆਂ ਦੀ ਗਿਣਤੀ ’ਚ ਉਥੇ ਮੌਜੂਦ ਮੁਟਿਆਰਾਂ ਝੂੰਮਦੀਆਂ ਨਜ਼ਰੀ ਆਈਆਂ। ਉੱਘੇ ਹੋਸਟ ਗੌਰਵ ਸ਼ਾਹ ਅਤੇ ਲਵੀ ਪੰਨੂੰ ਵੱਲੋਂ ਪੇਸ਼ ਕੀਤੀਆਂ ਹਾਸਰਸ ਝਲਕੀਆ ਨਾਲ ਮੇਲੇ ਦਾ ਮਾਹੌਲ ਲਗਾਤਾਰ ਦਿਲਚਸਪ ਬਣਿਆ ਰਿਹਾ। ਪੰਜਾਬੀ ਵਿਰਸੇ ਨਾਲ ਸਬੰਧਿਤ ਹਾਲ ’ਚ ਸਿੰਗਾਰ ਕੇ ਸਜਾਏ ਗਏ ਪੁਰਾਤਨ ਚਰਖੇ, ਸਕੂਟਰ ਅਤੇ ਰਿਕਸ਼ੇ ਨਾਲ ਕੁਝ ਮੁਟਿਆਰਾਂ ‘ਸੈਲਫੀਆਂ’ ਲੈਣ 'ਚ ਵੀ ਮਸਰੂਫ ਨਜ਼ਰੀ ਆਈਆਂ। ਅਖੀਰ 'ਚ ਮੇਲੇ ਦੇ ਆਯੋਜਿਕਾਂ 'ਚੋਂ ਸੈਵੀ ਸਿੰਘ ਨੇ ਮੇਲੇ ਨੂੰ ਸਫਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਭਾਰਤ ਵਿੱਚ ਪ੍ਰਸਿੱਧ ਕ੍ਰਿਸ਼ਨਾ ਮੰਦਰ ਦੇ ਬਾਰੇ ਜਾਣਕਾਰੀ।




ਪ੍ਰਸਿੱਧ ਚਾਰਧਾਮ ਯਾਤਰਾ ਦੇ ਧਾਮ ਵਿੱਚੋਂ ਇੱਕ, ਜਗਨਨਾਥ ਮੰਦਿਰ ਭਾਰਤ ਵਿੱਚ ਇੱਕ ਪ੍ਰਸਿੱਧ ਭਗਵਾਨ ਕ੍ਰਿਸ਼ਨ ਮੰਦਰ ਹੈ। ਮੰਦਰ ਹਿੰਦੂਆਂ ਅਤੇ ਬੋਧੀਆਂ ਦਾ ਪਵਿੱਤਰ ਹੈ। ਮੰਦਰ ਦੇ ਮੁੱਖ ਅਸਥਾਨ ਵਿੱਚ, ਜਗਨਨਾਥ ਦੀ ਇੱਕ ਬਾਰੀਕ ਲੱਕੜ ਦੀ ਉੱਕਰੀ ਹੋਈ ਮੂਰਤੀ ਹੈ, ਜੋ ਕਿ ਬਹੁਤ ਅਸਾਧਾਰਨ ਹੈ ਕਿਉਂਕਿ ਜ਼ਿਆਦਾਤਰ ਮੰਦਰਾਂ ਵਿੱਚ ਪੱਥਰ ਦੀ ਮੂਰਤੀ ਹੈ। ਮੂਰਤੀ ਦੇ ਦੋਵੇਂ ਪਾਸੇ ਭਰਾ ਬਲਰਾਮ ਅਤੇ ਭੈਣ ਸੁਭਦਰਾ ਦੀਆਂ ਮੂਰਤੀਆਂ ਹਨ। ਜੋ ਗੱਲ ਇਸ ਮੰਦਰ ਨੂੰ ਭਾਰਤ ਦੇ ਹੋਰ ਸ਼੍ਰੀ ਕ੍ਰਿਸ਼ਨ ਮੰਦਰਾਂ ਤੋਂ ਵੱਖਰਾ ਬਣਾਉਂਦੀ ਹੈ ਉਹ ਤੱਥ ਇਹ ਹੈ ਕਿ ਇੱਥੇ ਵਿਧੀਆਂ, ਅਭਿਆਸ, ਸੰਸਕਾਰ ਅਤੇ ਰੀਤੀ ਰਿਵਾਜ ਦੂਜੇ ਹਿੰਦੂ ਮੰਦਰਾਂ ਵਾਂਗ ਨਹੀਂ ਹਨ, ਉਹ ਬਿਲਕੁਲ ਵੱਖਰੇ ਹਨ। ਮੰਦਰ ਦੀ ਇਮਾਰਤਸਾਜ਼ੀ ਬਾਰੇ ਵੀ ਕਈ ਵਿਲੱਖਣ ਗੱਲਾਂ ਹਨ ਜਿਵੇਂ ਕਿ ਮੰਦਰ ਦਾ ਪਰਛਾਵਾਂ ਕਦੇ ਨਜ਼ਰ ਨਹੀਂ ਆਉਂਦਾ। ਇਸ ਦੇ ਸਮੁੰਦਰ ਦੇ ਨੇੜੇ ਹੋਣ ਦੇ ਬਾਵਜੂਦ, ਤੁਸੀਂ ਮੰਦਰ ਦੇ ਅਹਾਤੇ ਵਿੱਚ ਕਦਮ ਰੱਖਣ ਵਾਲੇ ਅੰਦੋਲਨ ਵਿੱਚ ਲਹਿਰਾਂ ਦੀਆਂ ਆਵਾਜ਼ਾਂ ਨੂੰ ਸੁਣਨ ਦੇ ਯੋਗ ਨਹੀਂ ਹੋਵੋਗੇ। ਪਹਿਲਾਂ, ਇਹ ਮੰਦਰ ਸੂਰਜ ਮੰਦਰ ਦਾ ਇੱਕ ਹਿੱਸਾ ਸੀ, ਹਾਲਾਂਕਿ 18ਵੀਂ ਸਦੀ ਵਿੱਚ ਮਰਾਠਿਆਂ ਨੇ ਮੰਦਰ ਨੂੰ ਤੋੜ ਦਿੱਤਾ ਅਤੇ ਦੁਬਾਰਾ ਇਕੱਠਾ ਕੀਤਾ।

ਚੰਦਨ ਯਾਤਰਾ, ਸਨਾਣਾ ਯਾਤਰਾ, ਰਥ ਯਾਤਰਾ, ਸਯਾਨਾ ਇਕਾਦਸੀ, ਅਤੇ ਦਕਸ਼ੀਨਯਾਨ ਸੰਕ੍ਰਾਂਤੀ ਵਰਗੇ ਤਿਉਹਾਰਾਂ ਦੇ ਜਸ਼ਨਾਂ ਵਿੱਚ ਭਾਰੀ ਭੀੜ ਆਕਰਸ਼ਿਤ ਹੁੰਦੀ ਹੈ। ਇਹਨਾਂ ਸਾਰੇ ਤਿਉਹਾਰਾਂ ਵਿੱਚੋਂ, ਰਥ ਯਾਤਰਾ ਜਾਂ ਰੱਥ ਉਤਸਵ ਮੁੱਖ ਤੌਰ 'ਤੇ ਜਾਣਿਆ ਜਾਂਦਾ ਹੈ। ਪੁਰੀ ਰੱਥ ਯਾਤਰਾ ਦੇ ਮੌਕੇ 'ਤੇ, ਤਿੰਨ ਦੇਵਤਿਆਂ ਨੂੰ ਉਨ੍ਹਾਂ ਦੇ ਖਾਸ ਰੱਥਾਂ ਵਿਚ ਸ਼ਰਧਾਲੂਆਂ ਦੁਆਰਾ ਖਿੱਚਿਆ ਜਾਂਦਾ ਹੈ ਅਤੇ ਗੁੰਡੀਚਾ ਮੰਦਰ ਲਿਜਾਇਆ ਜਾਂਦਾ ਹੈ।




ਕਿਸੇ ਜਾਣ-ਪਛਾਣ ਦੀ ਲੋੜ ਤੋਂ ਬਿਨਾਂ, ਦਵਾਰਕਾਧੀਸ਼ ਉਰਫ਼ ਜਗਤ ਮੰਦਰ ਉਰਫ਼ ਤ੍ਰਿਲੋਕ ਸੁੰਦਰ ਸ਼੍ਰੀ ਕ੍ਰਿਸ਼ਨ ਦੇ ਸ਼ਰਧਾਲੂਆਂ ਲਈ ਇੱਕ ਮਹੱਤਵਪੂਰਨ ਮਿਥਿਹਾਸਕ ਆਧਾਰ ਹੈ। ਸ਼ਾਂਤ ਤੱਟਵਰਤੀ ਅਤੇ ਹਲਚਲ ਭਰੇ ਦਵਾਰਕਾ ਸ਼ਹਿਰ ਦੇ ਵਿਚਕਾਰ ਸਥਿਤ, ਦਵਾਰਕਾਧੀਸ਼ ਤੁਹਾਡੇ ਵਾਲਾਂ ਨੂੰ ਨੀਵਾਂ ਕਰਨ ਅਤੇ ਸਾਡੇ ਇਕੱਲੇ ਅਤੇ ਆਤਮਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਸਹੀ ਜਗ੍ਹਾ ਹੈ। ਦਵਾਰਕਾ ਦਾ ਸ਼ਾਬਦਿਕ ਅਰਥ 'ਮੁਕਤੀ ਦਾ ਦਰਵਾਜ਼ਾ'- 'ਦਵਾਰਾ' ਭਾਵ ਦਰਵਾਜ਼ਾ ਅਤੇ 'ਕਾ' ਦਾ ਅਰਥ ਹੈ ਸਦੀਵੀ ਖੁਸ਼ੀ। ਜਗਨਨਾਥ ਮੰਦਿਰ ਦੀ ਤਰ੍ਹਾਂ, ਦਵਾਰਕਾਧੀਸ਼ ਨੂੰ ਵੀ ਹਿੰਦੂ ਧਾਰਮਿਕ ਵਿਸ਼ਵਾਸਾਂ ਦੇ ਅਨੁਸਾਰ, ਭਾਰਤ ਵਿੱਚ ਚਾਰ ਧਾਮ (ਬ੍ਰਹਮ ਨਿਵਾਸ) ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਅਤੇ ਇੱਥੋਂ ਤੱਕ ਕਿ ਇੱਕ ਸਪਤ ਪੁਰੀਸ ਵੀ। ਦਵਾਰਕਾਧੀਸ਼ ਨੂੰ ਮਾਣ ਹੈ ਕਿ ਇਹ ਕਦੇ ਭਗਵਾਨ ਕ੍ਰਿਸ਼ਨ ਦੀ ਰਾਜਧਾਨੀ ਸੀ। ਅਤੇ ਸਥਾਨਕ ਲੋਕ ਇੱਥੋਂ ਤੱਕ ਕਹਿੰਦੇ ਹਨ ਕਿ ਮੰਦਰ ਦੀ ਅਸਲ ਬਣਤਰ ਭਗਵਾਨ ਕ੍ਰਿਸ਼ਨ ਦੇ ਪੜਪੋਤੇ ਵਜਰਨਭਜੀ ਦੁਆਰਾ ਸ਼ੁਰੂ ਕੀਤੀ ਗਈ ਸੀ। ਮੰਦਿਰ ਦੀ ਮੁੱਖ ਮੂਰਤੀ ਇੱਕ ਕਾਲੇ ਸੰਗਮਰਮਰ ਦੀ ਉੱਕਰੀ ਹੋਈ ਹੈ ਅਤੇ ਇਸ ਨੂੰ ਕੌਸਤੁਭ ਮਣੀ, ਅਤੇ ਇੱਕ ਮਾਲਾ ਨਾਲ ਸ਼ਿੰਗਾਰਿਆ ਗਿਆ ਹੈ, ਜੋ ਦੇਵੀ ਲਕਸ਼ਮੀ ਦੁਆਰਾ ਤੋਹਫ਼ੇ ਵਿੱਚ ਦਿੱਤਾ ਗਿਆ ਸੀ। ਮੂਰਤੀ ਦੇ ਇੱਕ ਹੱਥ ਵਿੱਚ ਸੁਦਰਸ਼ਨ ਚੱਕਰ ਹੈ, ਜਦਕਿ ਦੂਜੇ ਹੱਥ ਵਿੱਚ ਸ਼ੰਖ ਹੈ। ਮੰਦਿਰ ਵਿੱਚ ਸ਼ਾਨਦਾਰ ਚਲੁਕਿਆ ਸ਼ੈਲੀ ਦਾ ਆਰਕੀਟੈਕਚਰ ਹੈ, ਜੋ ਨਰਮ ਚੂਨੇ ਅਤੇ ਗ੍ਰੇਨਾਈਟ ਨਾਲ ਬਣਿਆ ਹੈ। ਹਰ ਨੁੱਕਰ, ਭਾਵੇਂ ਇਸ ਦਾ ਥੰਮ, ਭਾਗ ਜਾਂ ਕਾਲਮ, ਹਾਥੀਆਂ, ਨ੍ਰਿਤਕਾਂ, ਆਕਾਸ਼ੀ ਜੀਵ ਅਤੇ ਸੰਗੀਤਕਾਰਾਂ ਦੇ ਪੈਨਲਾਂ ਨਾਲ ਉੱਕਰੀ ਹੋਈ ਹੈ। ਤੁਸੀਂ ਰੁਕਮਣੀ ਮੰਦਰ ਵੀ ਜਾ ਸਕਦੇ ਹੋ, ਜੋ ਕਿ ਮੁੱਖ ਅਸਥਾਨ ਤੋਂ ਸਿਰਫ਼ ਕੁਝ ਕਿਲੋਮੀਟਰ ਦੂਰ ਹੈ।



ਦੱਖਣੀ ਭਾਰਤ ਦੇ ਚੋਟੀ ਦੇ ਮੰਦਰਾਂ ਦੀ ਸੂਚੀ ਵਿੱਚ ਸੂਚੀਬੱਧ, ਗੁਰੂਵਾਯੂਰ ਮੰਦਿਰ ਨੂੰ ਅਕਸਰ ਸ਼ਰਧਾਲੂਆਂ ਦੁਆਰਾ 'ਦੱਖਣ ਦੀ ਦਵਾਰਕਾ' ਵਜੋਂ ਗਿਣਿਆ ਜਾਂਦਾ ਹੈ। ਪਵਿੱਤਰ ਤੁਲਸੀ (ਤੁਲਸੀ) ਦੀ ਮਾਲਾ ਅਤੇ ਮੋਤੀਆਂ ਦਾ ਹਾਰ। ਮੰਦਰ ਦੇ ਵੱਡੇ ਸਰੋਵਰ ਦਾ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਜਗ੍ਹਾ ਹੈ ਜਿੱਥੇ ਭਗਵਾਨ ਸ਼ਿਵ ਪਰਿਵਾਰ ਨੇ ਵਿਸ਼ਨੂੰ ਦੀ ਪੂਜਾ ਕੀਤੀ ਸੀ। ਮੰਦਰ ਦੇ ਦਰਸ਼ਨ ਕਰਨ ਦਾ ਸਭ ਤੋਂ ਵਧੀਆ ਸਮਾਂ ਤਿਉਹਾਰਾਂ ਦੇ ਦੌਰਾਨ ਹੋਵੇਗਾ ਜਿਵੇਂ ਕਿ ਉਲਸਵਮ (ਕੁੰਭ ਦਾ ਮਹੀਨਾ: ਫਰਵਰੀ-ਮਾਰਚ), ਵਿਸ਼ੂ (ਮਦਮ ਮਹੀਨੇ ਦੀ ਪਹਿਲੀ: ਮੱਧ-ਅਪ੍ਰੈਲ), ਵੈਸ਼ਕਾ (ਅਪ੍ਰੈਲ-ਮਈ), ਅਸ਼ਟਮੀ ਰੋਹਿਨ (ਚਿੰਗਮ: ਜੁਲਾਈ-ਅਗਸਤ) ), ਅਤੇ ਕੁਚੇਲਾ ਦਿਵਸ (ਧਨੁ ਦਾ ਪਹਿਲਾ ਬੁੱਧਵਾਰ: ਦਸੰਬਰ-ਜਨਵਰੀ)। ਤਿਉਹਾਰ ਦੇ ਜਸ਼ਨਾਂ ਦੌਰਾਨ, ਮੰਦਰ ਵਿੱਚ ਭਾਰੀ ਭੀੜ ਆਕਰਸ਼ਿਤ ਹੁੰਦੀ ਹੈ। ਮੰਦਰ ਦਾ ਸਭ ਤੋਂ ਮਜ਼ੇਦਾਰ ਹਿੱਸਾ ਇਹ ਹੈ ਕਿ ਸ਼ਰਧਾਲੂ ਹਾਥੀ ਚੜ੍ਹਾਉਂਦੇ ਹਨ। ਇੱਕ ਵਿਸ਼ੇਸ਼ ਹਾਥੀ ਖੁਆਉਣ ਦਾ ਪ੍ਰੋਗਰਾਮ - ਅਨਾਯੁਤੂ ਮੰਦਰ ਵਿੱਚ ਸਵੇਰੇ 10:00 ਵਜੇ ਹੁੰਦਾ ਹੈ। ਮੰਦਰ ਵਿੱਚ ਦਾਖਲ ਹੋਣ ਲਈ, ਸ਼ਰਧਾਲੂਆਂ ਨੂੰ ਇੱਕ ਡਰੈੱਸ ਕੋਡ ਦੀ ਪਾਲਣਾ ਕਰਨੀ ਚਾਹੀਦੀ ਹੈ; ਮਰਦਾਂ ਨੂੰ ਧੋਤੀ ਪਹਿਨਣੀ ਚਾਹੀਦੀ ਹੈ, ਅਤੇ ਔਰਤਾਂ ਲਈ, ਸਾੜ੍ਹੀ ਜਾਂ ਸਲਵਾਰ ਹੈ।

50 ਫੁੱਟ ਉੱਚੀ ਪਹਾੜੀ, ਦਵਾਦਸਾਦਿਤਿਆ ਟਿੱਲਾ ਦੀ ਸਿਖਰ 'ਤੇ ਸਥਿਤ, ਸ਼੍ਰੀ ਰਾਧਾ ਮਦਨ ਮੋਹਨ ਮੰਦਰ ਵਰਿੰਦਾਵਨ ਵਿੱਚ ਬਣਾਇਆ ਗਿਆ ਪਹਿਲਾ ਮੰਦਰ ਸੀ। ਮੰਦਿਰ ਦਾ ਕੇਂਦਰੀ ਦੇਵਤਾ ਭਗਵਾਨ ਕ੍ਰਿਸ਼ਨ, ਰਾਧਾਰਣੀ ਅਤੇ ਲਲਿਤਾ ਸਾਖੀ ਦੇ ਨਾਲ ਹੈ। ਦੰਤਕਥਾ ਹੈ ਕਿ ਮੰਦਰ ਦੀ ਮੁੱਖ ਮੂਰਤੀ ਮਦਨ-ਮੋਹਨ ਦੁਆਰਾ ਵਰਿੰਦਾਵਨ ਵਿੱਚ ਇੱਕ ਪੁਰਾਣੇ ਵੱਟ ਦੇ ਦਰਖਤ ਦੇ ਅਧਾਰ 'ਤੇ ਲੱਭੀ ਗਈ ਸੀ, ਉਹੀ ਸਥਾਨ ਜਿੱਥੇ ਉਹ ਭਜਨ (ਭਗਤੀ ਗੀਤ) ਗਾਉਂਦੇ ਸਨ। ਅੱਜ, ਤੁਸੀਂ ਉਸ ਦਰੱਖਤ ਨੂੰ ਮੰਦਰ ਦੇ ਮੌਜੂਦਾ ਢਾਂਚੇ ਦੇ ਬਿਲਕੁਲ ਹੇਠਾਂ ਦੇਖ ਸਕਦੇ ਹੋ, ਜੋ ਕਿ 1580 ਵਿੱਚ ਮੁਲਤਾਨ ਦੇ ਕਪੂਰ ਰਾਮ ਦਾਸ ਦੁਆਰਾ ਬਣਾਇਆ ਗਿਆ ਸੀ। ਮਦਨ-ਮੋਹਨ ਨੇ ਫਿਰ ਮੂਰਤੀ ਦੀ ਮੂਰਤੀ ਆਪਣੇ ਚੇਲੇ, ਪੁਰਸ਼ੋਤਮ ਚੌਬੇ ਨੂੰ ਦੇਣ ਦਾ ਫੈਸਲਾ ਕੀਤਾ, ਜਿਸਨੇ ਬਾਅਦ ਵਿੱਚ ਇਸਨੂੰ ਸਨਾਤਨ ਗੋਸਵਾਮੀ ਨੂੰ ਦੇ ਦਿੱਤਾ। ਕੁਝ ਕਹਾਣੀਆਂ ਉਸ ਦਿਨ ਵੀ ਹਨ ਕਿ ਔਰੰਗਜ਼ੇਬ ਦੇ ਰਾਜ ਦੌਰਾਨ ਮੰਦਰ ਦੀ ਅਸਲੀ ਮੂਰਤੀ ਨੂੰ ਸੁਰੱਖਿਅਤ ਰੱਖਣ ਲਈ ਰਾਜਸਥਾਨ ਦੇ ਕਰੌਲੀ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਵਰਿੰਦਾਵਨ ਮੰਦਿਰ ਵਿੱਚ ਮੂਰਤੀ ਸਿਰਫ਼ ਇੱਕ ਕਾਪੀ ਹੈ ਜਦੋਂ ਕਿ ਮੁੱਖ ਮੂਰਤੀ ਅਜੇ ਵੀ ਰਾਜਸਥਾਨ ਦੇ ਕਰੌਲੀ ਵਿੱਚ ਹੈ। ਨਾਲ ਹੀ, ਮੰਦਰ ਦਾ ਚੈਤਨਯ ਮਹਾਪ੍ਰਭੂ, ਇੱਕ ਅਧਿਆਤਮਿਕ ਗੁਰੂ, ਜਿਸਨੇ ਗੌੜੀਆ ਵੈਸ਼ਨਵਵਾਦ ਦੀ ਸਥਾਪਨਾ ਕੀਤੀ ਸੀ, ਨਾਲ ਇੱਕ ਮਜ਼ਬੂਤ ਸਬੰਧ ਰੱਖਦਾ ਹੈ।



ਬਾਂਕੇ ਬਿਹਾਰੀ ਮੰਦਰ ਵਰਿੰਦਾਵਨ ਦੇ ਸੱਤ ਪ੍ਰਮੁੱਖ ਪ੍ਰਾਚੀਨ ਮੰਦਰਾਂ ਵਿੱਚੋਂ ਇੱਕ ਹੈ। ਇਹ ਗੋਸਵਾਮੀ ਦੁਆਰਾ 1863 ਵਿੱਚ ਬਣਵਾਇਆ ਗਿਆ ਸੀ, ਅਤੇ ਮੂਰਤੀ ਨੂੰ ਨਿਧਿਵਨ ਤੋਂ ਹੇਠਾਂ ਲਿਆਂਦਾ ਗਿਆ ਸੀ। ਕਥਾਵਾਂ ਅਨੁਸਾਰ ਪੂਰਵ ਦੇਵੀ ਦੀ ਮੂਰਤੀ ਸਵਾਮੀ ਹਰੀਦਾਸ ਨੂੰ ਸ਼ਿਆਮ-ਸ਼ਿਆਮ ਨੇ ਦਿੱਤੀ ਸੀ। ਇੱਕ ਦਿਨ, ਸਵਾਮੀ ਹਰਿਦਾਸ ਦੇ ਇੱਕ ਚੇਲੇ, ਜੋ ਕਾਲੀਦਾਸ ਦੇ ਗੁਰੂ ਵੀ ਹਨ, ਨੇ ਉਹਨਾਂ ਨੂੰ ਕੁਝ ਸ਼ਬਦ ਗਾਉਣ ਲਈ ਬੇਨਤੀ ਕੀਤੀ। ਉਸਦੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ, ਸਵਰਗੀ ਜੋੜਾ - ਸ਼ਿਆਮਾ ਸ਼ਿਆਮ (ਰਾਧਾ ਕ੍ਰਿਸ਼ਨ) ਹਰਿਦਾਸ ਦੇ ਸਾਹਮਣੇ ਪ੍ਰਗਟ ਹੋਇਆ ਅਤੇ ਅਲੋਪ ਹੋਣ ਤੋਂ ਪਹਿਲਾਂ ਇੱਕ ਕਾਲਾ ਚਿੱਤਰ ਛੱਡ ਗਿਆ। ਮੂਰਤੀ ਦੇ ਕਮਲ ਪੈਰ ਛੁਪ ਕੇ ਰੱਖੇ ਹੋਏ ਹਨ; ਉਹ ਸਿਰਫ ਅਕਸ਼ੈ ਤ੍ਰਿਤੀਆ 'ਤੇ ਦੇਖੇ ਜਾ ਸਕਦੇ ਹਨ। ਮੂਰਤੀ ਬਾਰੇ ਇਕ ਹੋਰ ਵਿਲੱਖਣ ਗੱਲ ਇਹ ਹੈ ਕਿ ਮੂਰਤੀ ਦੀਆਂ ਅੱਖਾਂ ਵਿਚ ਲਗਾਤਾਰ ਦੇਖਣ ਨਾਲ ਤੁਸੀਂ ਸਵੈ-ਚੇਤਨਾ ਗੁਆ ਸਕਦੇ ਹੋ। ਅਤੇ ਇਹੀ ਕਾਰਨ ਹੈ ਕਿ ਮੂਰਤੀ ਜ਼ਿਆਦਾਤਰ ਸਮੇਂ ਪਰਦਿਆਂ ਨਾਲ ਢਕੀ ਰਹਿੰਦੀ ਹੈ। ਨਿਧੀ ਵਨ, ਸੇਵਾ ਕੁੰਜ, ਰਾਧਾ ਦਾਮੋਦਰ ਮੰਦਿਰ, ਰਾਧਾ ਰਮਨ ਮੰਦਿਰ, ਅਤੇ ਸ਼ਾਹਜੀ ਮੰਦਿਰ ਅਜਿਹੇ ਮੰਦਰਾਂ ਵਿੱਚੋਂ ਇੱਕ ਹਨ ਜਿਨ੍ਹਾਂ ਨੂੰ ਦੇਖਣਾ ਚਾਹੀਦਾ ਹੈ। ਇਸ ਦੇ ਪੂਰੇ ਜੋਸ਼ ਵਿੱਚ ਮੰਦਰ ਨੂੰ ਦੇਖਣ ਲਈ, ਤੁਹਾਨੂੰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤਿਉਹਾਰ ਦੇ ਦੌਰਾਨ ਇੱਥੇ ਜਾਣਾ ਚਾਹੀਦਾ ਹੈ। ਬਾਂਕੇ ਬਿਹਾਰੀ ਮੰਦਰ ਵਿੱਚ, ਮੰਗਲਾ-ਆਰਤੀ ਸਾਲ ਵਿੱਚ ਸਿਰਫ ਇੱਕ ਵਾਰ ਕੀਤੀ ਜਾਂਦੀ ਹੈ ਅਤੇ ਉਹ ਜਨਮ ਅਸ਼ਟਮੀ ਨੂੰ ਹੁੰਦੀ ਹੈ। ਸ਼ਰਧਾਲੂਆਂ ਦਾ ਮੰਨਣਾ ਹੈ ਕਿ ਜੇਕਰ ਉਹ ਇਸ ਆਰਤੀ ਵਿੱਚ ਹਾਜ਼ਰੀ ਭਰਦੇ ਹਨ ਤਾਂ ਭਵਿੱਖ ਵਿੱਚ ਕੋਈ ਆਰਥਿਕ ਸਮੱਸਿਆ ਨਹੀਂ ਆਵੇਗੀ।



ਵਰਿੰਦਾਵਨ ਦੇ 7 ਠਾਕੁਰ ਮੰਦਰਾਂ ਵਿੱਚ ਗਿਣਿਆ ਜਾਂਦਾ ਹੈ, ਸ਼੍ਰੀ ਰਾਧਾ ਰਮਨ ਮੰਦਰ 1542 ਈਸਵੀ ਵਿੱਚ ਵੈਸਾਕ ਮਹੀਨੇ ਦੀ ਪੂਰਨਮਾਸ਼ੀ ਦੀ ਰਾਤ ਨੂੰ ਬਣਾਇਆ ਗਿਆ ਸੀ। ਮੰਦਿਰ ਨੂੰ ਗੋਪਾਲ ਭੱਟਾ ਗੋਸਵਾਮੀ ਦੁਆਰਾ ਸ਼ੁਰੂ ਕੀਤਾ ਗਿਆ ਸੀ, ਜੋ ਵਰਿੰਦਾਵਨ ਦੇ ਛੇ ਗੋਸਵਾਮੀਆਂ ਵਿੱਚੋਂ ਇੱਕ ਸੀ ਜੋ ਸ਼੍ਰੀ ਚੈਤਨਯ ਮਹਾਪ੍ਰਭੂ ਦੇ ਸਿਧਾਂਤਾਂ ਦੀ ਸਖਤੀ ਨਾਲ ਪਾਲਣਾ ਕਰਦੇ ਸਨ। ਇਹ ਮੰਦਿਰ ਸ਼ਾਨਦਾਰ ਆਰਕੀਟੈਕਚਰ ਲਈ ਜਾਣਿਆ ਜਾਂਦਾ ਹੈ, ਅਤੇ ਸ਼ਾਲੀਗ੍ਰਾਮ ਸ਼ਿਲਾ ਤੋਂ ਇਸ ਦੇ ਸਵੈ-ਪ੍ਰਗਟ ਦੇਵਤਾ। ਮੰਦਿਰ ਦਾ ਸਭ ਤੋਂ ਮਜ਼ੇਦਾਰ ਹਿੱਸਾ ਇਹ ਹੈ ਕਿ ਇੱਥੇ ਤੁਹਾਨੂੰ ਰਾਧਾ ਰਾਣੀ ਦੀ ਮੂਰਤੀ ਨਹੀਂ ਮਿਲਦੀ, ਹਾਲਾਂਕਿ ਕ੍ਰਿਸ਼ਨ ਦੇ ਅੱਗੇ ਇੱਕ ਸੋਨੇ ਦੀ ਪਲੇਟ ਹੈ, ਜਿਸ ਵਿੱਚ ਰਾਧਾਰਣੀ ਦਾ ਨਾਮ ਉੱਕਰੀ ਹੋਇਆ ਹੈ। ਮੰਦਰ ਦਾ ਮੌਜੂਦਾ ਢਾਂਚਾ 1826 ਵਿੱਚ ਲਖਨਊ ਤੋਂ ਸ਼ਾਹ ਬਿਹਾਰੀ ਲਾਲਜੀ ਦੁਆਰਾ 80 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਸੀ। ਜਿਸ ਆਸਣ 'ਤੇ ਸਾਹਿਬ ਬਿਰਾਜਮਾਨ ਹਨ, ਉਹ ਪੂਰੀ ਤਰ੍ਹਾਂ ਲੱਕੜ ਦਾ ਬਣਿਆ ਹੋਇਆ ਹੈ ਅਤੇ 450 ਸਾਲ ਬੀਤ ਜਾਣ ਤੋਂ ਬਾਅਦ ਵੀ ਇਹ ਆਸਣ ਬਰਕਰਾਰ ਹੈ। ਰਾਮ ਨੌਮੀ, ਚੰਦਨ ਯਾਤਰਾ, ਝੂਲਨ ਯਾਤਰਾ, ਬਲਰਾਮ ਪੂਰਨਿਮਾ, ਅਤੇ ਰਾਧਾਸ਼ਟਮੀ ਮੰਦਰ ਵਿੱਚ ਮਨਾਏ ਜਾਂਦੇ ਮੁੱਖ ਤਿਉਹਾਰ ਹਨ।




ਪੱਛਮੀ ਘਾਟ ਦੇ ਤੱਟਵਰਤੀ ਖੇਤਰ ਦੇ ਨੇੜੇ ਸਥਿਤ, ਉਡੁਪੀ ਦੱਖਣੀ ਭਾਰਤ ਵਿੱਚ ਭਗਵਾਨ ਕ੍ਰਿਸ਼ਨ ਲਈ ਪਵਿੱਤਰ ਇੱਕ ਪ੍ਰਸਿੱਧ ਹਿੰਦੂ ਮੰਦਰ ਹੈ। ਮੰਦਰ ਦੀ ਸਥਾਪਨਾ ਅਸਲ ਵਿੱਚ ਸ਼੍ਰੀ ਮਧਵਾਚਾਰੀਆ, ਇੱਕ ਵੈਸ਼ਨਵ ਸੰਤ, ਦੁਆਰਾ 13ਵੀਂ ਸਦੀ ਵਿੱਚ ਕੀਤੀ ਗਈ ਸੀ, ਜੋ ਵੇਦਾਂਤ ਦੇ ਦਵੈਤ ਸਕੂਲ ਦੇ ਸੰਸਥਾਪਕ ਵੀ ਸਨ। ਸਥਾਨਕ ਲੋਕ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਮਾਧਵਾਚਾਰੀਆ ਨੂੰ ਇੱਕ ਜਹਾਜ਼ ਵਿੱਚ ਸ਼੍ਰੀ ਕ੍ਰਿਸ਼ਨ ਦੀ ਮੂਰਤੀ ਮਿਲੀ ਸੀ, ਜਿਸ ਨੂੰ ਉਸਨੇ ਮਾਲਪੇ ਵਿਖੇ ਸਮੁੰਦਰ ਵਿੱਚ ਘਾਤਕ ਤੂਫਾਨ ਦੇ ਚੁੰਗਲ ਤੋਂ ਚਮਤਕਾਰੀ ਢੰਗ ਨਾਲ ਬਚਾਇਆ ਸੀ। ਕਿਤੇ ਹੋਰ ਮੱਠਾਂ ਵਾਂਗ, ਇਸ ਵਿੱਚ ਵੀ ਪੱਛਮਭਿਮੁਖਾ ਵਿੱਚ ਇੱਕ ਪੱਛਮ ਵੱਲ ਮੂਰਤੀ ਹੈ, ਜਿਸਨੂੰ ਕਨਕਨਖਿੰਦੀ ਨਾਮਕ ਇੱਕ ਖਿੜਕੀ ਵਿੱਚ ਝਾਕਣ ਨਾਲ ਹੀ ਦੇਖਿਆ ਜਾ ਸਕਦਾ ਹੈ। ਇਕ ਹੋਰ ਖਿੜਕੀ ਹੈ ਜੋ ਸਾਹਮਣੇ ਨੂੰ ਕਵਰ ਕਰਦੀ ਹੈ ਅਤੇ ਇਸ ਨੂੰ ਨਵਗ੍ਰਹਿ ਕਿਸਮ ਕਿਹਾ ਜਾਂਦਾ ਹੈ। ਮੰਦਰ ਦੇ ਆਲੇ-ਦੁਆਲੇ, ਕਈ ਪ੍ਰਾਚੀਨ ਅਸਥਾਨ ਹਨ; ਇਨ੍ਹਾਂ ਵਿੱਚੋਂ ਸਭ ਤੋਂ ਪੁਰਾਣਾ ਲੱਕੜ ਅਤੇ ਪੱਥਰ ਦਾ ਬਣਿਆ ਮੰਦਰ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਹ 1500 ਸਾਲ ਪੁਰਾਣਾ ਹੈ।



ਵ੍ਰਿੰਦਾਵਨ ਇਸਕਨ (ਕ੍ਰਿਸ਼ਨਾ ਚੇਤਨਾ ਲਈ ਅੰਤਰਰਾਸ਼ਟਰੀ ਸੁਸਾਇਟੀ), ਜਿਸ ਨੂੰ ਮਥੁਰਾ ਕ੍ਰਿਸ਼ਨਾ ਬਲਰਾਮ ਮੰਦਰ ਵੀ ਕਿਹਾ ਜਾਂਦਾ ਹੈ, ਸ਼ਾਨਦਾਰ ਹੈ। ਮੰਦਰ 1975 ਵਿੱਚ ਬਣਾਇਆ ਗਿਆ ਸੀ। ਮੰਦਰ ਦੇ ਮੁੱਖ ਅਸਥਾਨ ਤੱਕ ਪਹੁੰਚਣ ਲਈ, ਤੁਹਾਨੂੰ ਗੁੰਝਲਦਾਰ ਉੱਕਰੀਆਂ ਕੰਧਾਂ ਅਤੇ ਗੁੰਬਦਾਂ ਵਿੱਚੋਂ ਲੰਘਣਾ ਪਵੇਗਾ। ਵਾਕਵੇਅ ਦੇ ਅੰਤ ਵਿੱਚ, ਤੁਸੀਂ ਇੱਕ ਸੁੰਦਰ ਸੰਗਮਰਮਰ ਦਾ ਵਿਹੜਾ ਦੇਖੋਗੇ ਜਿਸ ਵਿੱਚ ਮੁੱਖ ਪਾਵਨ ਅਸਥਾਨ ਦੇ ਦੁਆਲੇ ਇੱਕ ਤਾਮਲ ਦਾ ਰੁੱਖ ਹੈ। ਮੰਦਰ ਦੇ ਮੁੱਖ ਹਾਲ ਵਿੱਚ ਤਿੰਨ ਵੇਦੀਆਂ ਹਨ। ਕੇਂਦਰੀ ਵੇਦੀ ਵਿੱਚ ਕ੍ਰਿਸ਼ਨ ਅਤੇ ਬਲਰਾਮ ਦੀ ਸੁੰਦਰ ਮੂਰਤੀ ਸੁਸ਼ੋਭਿਤ ਹੈ। ਸੱਜੀ ਵੇਦੀ ਵਿੱਚ ਗੋਪੀ, ਲਲਿਤਾ ਅਤੇ ਵਿਸ਼ਾਖਾ ਦੇ ਨਾਲ ਰਾਧਾ ਕ੍ਰਿਸ਼ਨ ਦੀ ਮੂਰਤੀ ਹੈ, ਅਤੇ ਖੱਬੇ ਪਾਸੇ ਨਿਤਿਆਨੰਦ ਦੇ ਨਾਲ, ਭਕਤੀਵੇਦਾਂਤ ਸਵਾਮੀ ਪ੍ਰਭੂਪਦਾ ਅਤੇ ਉਸਦੇ ਅਧਿਆਤਮਿਕ ਗੁਰੂ ਭਗਤੀਸਿਧਾਂਤ ਸਰਸਵਤੀ ਠਾਕੁਰਾ ਦੇ ਨਾਲ ਚੈਤਨਯ ਮਹਾਪ੍ਰਭੂ ਦੀ ਮੂਰਤੀ ਸਜਾਈ ਗਈ ਹੈ। ਕਿਉਂਕਿ ਇਹ ਮੰਦਰ ਏ.ਸੀ. ਭਗਤੀਵੇਦਾਂਤ ਸਵਾਮੀ ਪ੍ਰਭੂਪਾਦਾ ਦਾ ਅੰਤਮ ਆਰਾਮ ਸਥਾਨ ਸੀ, ਇਸ ਤਰ੍ਹਾਂ ਤੁਸੀਂ ਇੱਥੇ ਉਨ੍ਹਾਂ ਦੀ ਸਮਾਧੀ ਦੇਖ ਸਕਦੇ ਹੋ। ਮੰਦਰ ਵਿੱਚ ਸਵਾਮੀ ਪ੍ਰਭੂਪਾਦਾ ਦਾ ਘਰ ਹੁਣ ਇੱਕ ਅਜਾਇਬ ਘਰ ਹੈ।



ਇੱਕ ਮੁਗਲ ਬਾਦਸ਼ਾਹ ਜਹਾਂਗੀਰ ਦੁਆਰਾ 1684 ਈਸਵੀ ਵਿੱਚ ਬਣਵਾਇਆ ਗਿਆ ਸੀ। ਮਥੁਰਾ ਦੀ ਅਧਿਆਤਮਿਕ ਯਾਤਰਾ 'ਤੇ ਜਾਣ ਲਈ ਇਹ ਇਕ ਮਹੱਤਵਪੂਰਨ ਸਥਾਨ ਹੈ ਕਿਉਂਕਿ ਕ੍ਰਿਸ਼ਨ ਨੇ ਕੇਸੀ ਰਾਕਸ਼ ਨੂੰ ਮਾਰਿਆ ਸੀ ਅਤੇ ਇਸ ਘਾਟ 'ਤੇ ਇਸ਼ਨਾਨ ਕੀਤਾ ਸੀ। ਕਥਾਵਾਂ ਦੁਆਰਾ ਦੱਸੀਆਂ ਗਈਆਂ ਕਹਾਣੀਆਂ ਦੇ ਅਨੁਸਾਰ, ਗੌੜੀਆ ਵੈਸ਼ਨਵ ਭਾਈਚਾਰੇ ਦੇ ਮੈਂਬਰਾਂ ਨੇ ਬਾਦਸ਼ਾਹ ਅਕਬਰ ਨੂੰ ਚਾਰ ਨਵੇਂ ਮੰਦਰ ਬਣਾਉਣ ਦੀ ਬੇਨਤੀ ਕੀਤੀ - ਮੰਡਨ ਮੋਹਨ ਮੰਦਰ, ਗੋਵਿੰਦ ਦੇਵ ਮੰਦਰ, ਜੁਗਲ ਕਿਸ਼ੋਰ ਮੰਦਰ ਅਤੇ ਸ਼੍ਰੀ ਗੋਪੀਨਾਥ ਮੰਦਰ। ਬਾਅਦ ਵਿੱਚ, ਔਰੰਗਜ਼ੇਬ ਨੇ ਉਨ੍ਹਾਂ ਵਿੱਚੋਂ ਤਿੰਨ ਉੱਤੇ ਹਮਲਾ ਕੀਤਾ, ਅਤੇ ਮੂਲ ਦੇਵਤਿਆਂ ਨੂੰ ਕਿਤੇ ਹੋਰ ਲਿਜਾਇਆ ਗਿਆ। ਜੁਗਲ ਕਿਸ਼ੋਰ ਮੰਦਿਰ ਵਿੱਚ ਹੀ ਮੂਲ ਦੇਵਤੇ ਦੀ ਪੂਜਾ ਕੀਤੀ ਜਾਂਦੀ ਹੈ।




ਪ੍ਰੇਮ ਮੰਦਰ ਭਾਰਤ ਦਾ ਸਭ ਤੋਂ ਅਦਭੁਤ ਹਿੰਦੂ ਮੰਦਰ ਹੈ, ਇਸ ਲਈ ਸ਼ਰਧਾਲੂਆਂ ਅਤੇ ਯਾਤਰੀਆਂ ਦਾ ਕਹਿਣਾ ਹੈ। ਵ੍ਰਿੰਦਾਵਨ ਦੇ ਬਾਹਰਵਾਰ ਸਥਿਤ, ਇਸ ਬ੍ਰਹਮ ਮੰਦਰ ਨੂੰ ਰਸਿਕ ਸੰਤ ਜਗਦਗੁਰੂ ਸ਼੍ਰੀ ਕ੍ਰਿਪਾਲੂ ਜੀ ਮਹਾਰਾਜ, ਇੱਕ ਅਧਿਆਤਮਿਕ ਗੁਰੂ ਦੁਆਰਾ ਪਵਿੱਤਰ ਸ਼ਹਿਰ ਵਾਰਾਣਸੀ ਨੂੰ ਤੋਹਫਾ ਦਿੱਤਾ ਗਿਆ ਸੀ। ਮੰਦਰ ਦੇ ਹਰ ਕੋਨੇ ਵਿੱਚ, ਤੁਸੀਂ ਸ਼ੀਸ਼ੇ ਦੀਆਂ ਪੇਂਟਿੰਗਾਂ ਅਤੇ ਚਿੱਤਰ ਲੱਭ ਸਕਦੇ ਹੋ, ਜੋ ਭਗਵਾਨ ਕ੍ਰਿਸ਼ਨ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਦਰਸਾਉਂਦੇ ਹਨ। ਜਨਮ ਅਸ਼ਟਮੀ ਤਿਉਹਾਰ ਅਤੇ ਰਾਧਾਸਟਮੀ ਦੇ ਦੌਰਾਨ ਮੰਦਰ ਦੇ ਦਰਸ਼ਨ ਕਰਨ ਦਾ ਸਭ ਤੋਂ ਵਧੀਆ ਸਮਾਂ ਹੋਵੇਗਾ। ਸ਼ਾਮ ਨੂੰ ਫੁਹਾਰਾ ਸ਼ੋਅ ਪ੍ਰੇਮ ਮੰਦਰ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਦਾ ਹੈ, ਇਸ ਤਰ੍ਹਾਂ ਇੱਕ ਵੱਡੀ ਭੀੜ ਨੂੰ ਆਕਰਸ਼ਿਤ ਕਰਦਾ ਹੈ।



ਗੋਵਿੰਦ ਦੇਵ ਜੀ ਮੰਦਰ ਜੈਪੁਰ ਦਾ ਸਿਟੀ ਪੈਲੇਸ ਹੈ। ਮੰਦਰ ਦੀ ਮੁੱਖ ਮੂਰਤੀ ਜੈਪੁਰ ਦੇ ਸੰਸਥਾਪਕ ਰਾਜਾ ਸਵਾਈ ਜੈ ਸਿੰਘ II ਦੁਆਰਾ ਲਿਆਂਦੀ ਗਈ ਸੀ, ਅਤੇ ਢਾਂਚਾ ਅਕਬਰ ਦੁਆਰਾ ਬਣਾਇਆ ਗਿਆ ਸੀ, ਇਸ ਤਰ੍ਹਾਂ ਇੱਥੇ ਸਜਾਏ ਗਏ ਪੈਨਲਾਂ ਅਤੇ ਕਾਲਮਾਂ ਦੇ ਨਾਲ ਇੱਕ ਸ਼ਾਨਦਾਰ ਆਰਕੀਟੈਕਚਰ ਦੀ ਉਮੀਦ ਕੀਤੀ ਜਾ ਸਕਦੀ ਹੈ। ਦੰਤਕਥਾ ਹੈ ਕਿ ਮੰਦਿਰ ਵਿੱਚ ਭਗਵਾਨ ਕ੍ਰਿਸ਼ਨ ਦੀ ਮੂਰਤੀ ਧਰਤੀ ਉੱਤੇ ਅਵਤਾਰ ਦੇ ਸਮੇਂ ਕ੍ਰਿਸ਼ਨ ਦੇ ਰੂਪ ਵਾਂਗ ਦਿਖਾਈ ਦਿੰਦੀ ਹੈ। ਮੁੱਖ ਮੂਰਤੀ ਭਗਵਾਨ ਕ੍ਰਿਸ਼ਨ ਦੇ ਪੜਪੋਤੇ ਬਜਰਨਭ ਦੁਆਰਾ ਬਣਾਈ ਗਈ ਸੀ।

